ਸਾਂਝੀ ਵਿਰਾਸਤ

ਅੰਕ 38, ਜਿਲਦ 4 2025 1-ਫੱਗਣ / 12-ਫਰਵਰੀ

ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

Punjabi Language, Culture, History and Heritage

Website: **sanjhivirasat.org**

ਵਿਸ਼ਾ ਸੂਚੀ (1-ਫੱਗਣ 556 / 12-ਫਰਵਰੀ 2025)

1	ਸੰਪਾਦਕੀ ਨੋਟ	ਮੁਖ ਸੰਪਾਦਕ	3
2	ਬਾਰਹ ਮਾਹਾ ਮ: 5 ਦਾ ਪਾਠ ਅਤੇ ਵਿਆਖਿਆ	ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ	4
3	ਬਾਰਹ ਮਾਹਾ ਮ: 1 ਦਾ ਪਾਠ ਅਤੇ ਵਿਆਖਿਆ	ਸਰਦਾਰ ਕਰਮਜੀਤ ਸਿੰਘ ਨੂਰ	5
4	ਸਫ਼ਰ-ਏ-ਸ਼ਹਾਦਤ : ਭਾਗ - 2	ਸਰਦਾਰਨੀ ਗੁਰਨਾਮ ਕੌਰ	7
5	ਗੁਰਬਾਣੀ ਵਿਚ ਜਨਮ ਮਰਨ ਦਾ ਸੰਕਲਪ	ਸਰਦਾਰਨੀ ਅਮ੍ਰਿਤ ਪਾਲ ਕੌਰ	9
6	ਜਾਪ ਸਾਹਿਬ: ਭਾਗ-2 ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਬੇਨਤੀਆਂ ਬਾਰੇ ਤੁਕਾਂ	ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ	11
7	Transforming Sikh Spirituality with AI – Opportunities and Challenges	Dr. Sardar D. P. Singh and Dr. Bhai Harbans Lal	15
8	ਖੇਤੀ ਮਾਹਰ - ਡਾ. ਦਿਲਬਾਗ ਸਿੰਘ ਅਠਵਾਲ	ਡਾ. ਸਰਦਾਰ ਕਾਬਲ ਸਿੰਘ	18
9	ਬਸੰਤ (ਗੀਤ)	ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	19
10	ਕਲਜੁਗਿ ਰਥੁ ਅਗਨਿ ਕਾ	ਡਾ. ਸਰਦਾਰ ਸੁਰਜੀਤ ਸਿੰਘ ਭੱਟੀ	20
11	ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ	ਪ੍ਰਸ਼ਨ - ਉਤੱਰ (12, 13)	23
12	ਮਾਖਿਓਂ ਮਿੱਠੀ ਬੋਲੀ ਸਾਡੀ	ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	24
13	ਖਾਲਸਾ ਕਾਲਜ ਮੁੰਬਈ	ਸਰਦਾਰ ਤਰਲੋਚਨ ਸਿੰਘ (Ex-MP)	25
14	ਮਾਈ ਭਾਗ ਕੌਰ	ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ	26
15	ਨੈਨੋ ਪਦਾਰਥਾਂ ਦੀ ਜਾਣ ਪਛਾਣ	ਕਰਨਲ ਡਾ. ਦਲਵਿੰਦਰ ਸਿੰਘ ਗ੍ਰੇਵਾਲ	27
16	The First Sikh Preacher Mata Khivi Ji	Sardar M J S Puri	29
17	ਸ਼ਹੀਦ ਬਾਬਾ ਦੀਪ ਸਿੰਘ ਜੀ	ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ	34
18	ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ	ਐਡੀਟੋਰੀਅਲ ਬੋਰਡ	35
19	ਲੇਖਕਾਂ ਲਈ ਜ਼ਰੂਰੀ ਜਾਣਕਾਰੀ	ਐਡੀਟੋਰੀਅਲ ਬੋਰਡ	37
20	ਐਡੀਟੋਰੀਅਲ ਬੋਰਡ ਅਤੇ ਸਲਾਹਕਾਰ	ਸਾਂਝੀ ਵਿਰਾਸਤ	38

ਸੰਪਾਦਕੀ ਨੋਟ

(1-ਫੱਗਣ 556 / 12-ਫਰਵਰੀ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 12 ਫਰਵਰੀ ਤੋਂ ਫੱਗਣ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਹਰ ਸਾਲ ਬਦਲਣ ਦੀ ਲੋੜ ਨਹੀਂ ਰਹਿੰਦੀ। ਫੱਗਣ ਦੇ ਅਖੀਰ ਵਿਚ 4 ਸਾਲਾਂ ਬਾਅਦ ਇੱਕ ਦਿਨ ਜੋੜਨ ਨਾਲ "ਲੀਪ ਵਰ੍ਹੇ" ਦੇ (Common or Gregorian Era ਵਾਂਗ) 366 ਦਿਨ ਹੋਣਗੇ।

ਹਰ ਸਾਲ 21 ਫਰਵਰੀ ਨੂੰ "ਮਾਂ-ਬੋਲੀ ਦਿਵਸ" ਇੱਕ ਬੜਾ ਮਹੱਤਵਪੂਰਣ ਦਿਨ ਹੁੰਦਾ ਹੈ। ਸੰਸਾਰ ਦੇ 150 ਦੇਸਾਂ ਵਿਚ 15 ਕਰੋੜ ਤੋਂ ਵੱਧ ਪੰਜਾਬੀ ਬੋਲਣ ਵਾਲਿਆਂ ਲਈ ਇਸ ਦਿਨ ਦੀ ਬਹੁਤ ਅਹਮੀਅਤ ਹੈ।ਇਹੋ "ਮਾਖਿਉਂ ਮਿੱਠੀ ਸਾਡੀ ਬੋਲੀ" ਸਾਨੂੰ ਗੁਰੂਆਂ ਦੀ ਸਰਬ-ਸਾਂਝੀ ਗੁਰਬਾਣੀ, ਸਾਡੇ ਮਾਣਮੱਤੇ ਇਤਿਹਾਸ ਅਤੇ ਅਮੀਰ ਵਿਰਸੇ ਦਾ ਗਿਆਨ ਦਿੰਦੀ ਹੈ। ਇਸ ਮਹੀਨੇ 31 ਜਨਵਰੀ ਨੂੰ ਮਹਾਨ ਯੋਧਾ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਅਮ੍ਰਿਤਸਰ ਵਿਚ ਉਨ੍ਹਾਂ ਦੀ ਯਾਦ ਵਿਚ "ਗੁਰਦਵਾਰਾ ਸ਼ਹੀਦਾਂ" ਤੇ ਹਰ ਸਾਲ ਬਹੁਤ ਵੱਡਾ ਸਮਾਗਮ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਵਿੱਤਰ ਗੁਰਬਾਣੀ ਦੇ ਸਹੀ ਅਰਥਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹੀਏ।

ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ ਅੰਗਰੇਜ਼ੀ ਮਹੀਨੇ ਦੀ 10 ਤਰੀਕ ਤਕ ਭੇਜ ਦਿਆ ਕਰਣ। ਕਿਸੇ ਧਰਮ ਜਾਂ ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਘਟਨਾ ਜਾਂ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ। ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਦੇ ਅੰਤ ਵਿਚ ਅਤੇ ਵੈਬਸਾਈਟ (sanjhivirasat.org) ਤੇ ਦਿੱਤੀ ਹੈ। ਜੇ ਹੋ ਸਕੇ ਤਾਂ ਪੰਜਾਬੀ ਭਾਸ਼ਾ ਦੀਆਂ ਰਚਨਾਵਾਂ "ਅਨਮੋਲਲ਼ਪਿਹ਼ਇਓਵੇ" (AnmolLipiHeavy) ਵਿਚ ਅਤੇ ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ Times New Roman ਵਿਚ E-Mail ਰਾਹੀਂ ਭੇਜਣ ਦੀ ਕਿਰਪਾਲਤਾ ਕਰੋ ਜੀ।

ਮੌਲਿਕ ਰਚਨਾਵਾਂ (14 ਫ਼ੌਂਟ WORD ਵਿਚ) ਵੱਧ ਤੋਂ ਵੱਧ ਦੋ ਪਨਿੰਆਂ (ਲਗਭਗ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦਾ ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
sanjhivirasat13@gmail.com

ਬਾਰਹ ਮਾਹਾ ਮਾਂਝ ਮਹਲਾ 5 ਘਰੁ 4 ਦਾ ਪਾਠ ਅਤੇ ਵਿਆਖਿਆ

ੴ ਸਤਿਗੁਰ ਪ੍ਰਸਾਦਿ ॥

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥

ਵਿਆਖਿਆ

ਬਾਰਹ ਮਾਹਾ ਦੀ ਬਾਣੀ ਬਦਲਦੇ ਸਮੇ ਦੇ ਪਿਛੋਕੜ ਵਿਚ ਮਨੁੱਖੀ ਜੀਵਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਸਤਿਗੁਰਾਂ ਦਾ ਲੜ ਫੜਕੇ ਮਨੁੱਖੀ ਜੀਵਨ ਦੇ ਮੂਲ ਉਦੇਸ਼ ਦੀ ਪ੍ਰਾਪਤੀ ਦੇ ਸਹੀ ਰਾਹ ਦਾ ਮਾਰਗ ਦਰਸ਼ਨ ਕਰਦੀ ਹੈ। ਫ਼ੱਗਣ ਬਾਰਾਮਾਹ ਦਾ ਆਖਰੀ ਮਹੀਨਾ ਹੈ। ਇਸ ਪਉੜੀ ਵਿਚ ਮਨੁੱਖੀ ਜੀਵ ਨੂੰ ਪਤਨੀ ਤੇ ਪਰਮਾਤਮਾਂ ਨੂੰ ਪਤੀ ਰੂਪ ਵਿਚ ਦਰਸਾਇਆ ਗਿਆ ਹੈ। ਆਪਣੇ ਸ਼ਹੁ ਇਸ਼ਟ ਦੀ ਪ੍ਰਾਪਤੀ ਦੀ ਅਵੱਸਥਾ ਦੀ ਮਨੋਰਮ ਝਲਕ ਦਿਖਾਈ ਗਈ ਹੈ। ਵੱਡਿਆਂ ਭਾਗਾਂ ਵਾਲੀ ਜੀਵ ਰੂਪ ਇਸਤ੍ਰੀ ਦੀ ਤਾਂਘ ਪੂਰੀ ਹੋਈ ਜਿਸਨੇ ਆਪਣੇ ਸ਼ਹੁ ਪਰਮੇਸ਼ਰ ਦੇ ਆਨੰਦਮਈ ਆਤਮਕ ਮੇਲ ਦਾ ਸਦੀਵੀ ਸੁੱਖ ਪ੍ਰਾਪਤ ਕਰ ਲਿਆ ਹੈ ਿ ਉਥੇ ਕੋਈ ਦੁਖ ਨਹੀਂ ਫਟਕ ਸਕਦਾ। ਇਸ ਪ੍ਰਾਪਤੀ ਲਈ ਸਤਿਸੰਗੀਆਂ ਦੀ ਸੰਗਤ ਵਿਚ ਪ੍ਰਭੂ ਦੇ ਗੁਣ ਗਾਉਣ ਨਾਲ ਉਸ ਸ਼ਹੁ ਦਾ ਅਨੁਭਵ ਹੁੰਦਾ ਹੈ ਜਿਸ ਵਰਗਾ ਹੋਰ ਕੋਈ ਨਹੀਂ। ਇਸ ਨਿਹਚਲ ਅਵੱਸਥਾ ਵਿਚ ਜੀਵ ਇਸਤ੍ਰੀ ਦਾ ਲੋਕ ਸੁਖੀਏ ਤੇ ਪ੍ਰਲੋਕ ਸੁਹੇਲਾ ਹੋ ਗਿਆ ਹੈ। ਪ੍ਰਭੂ ਨੇ ਸੰਸਾਰ ਦੇ ਭਿਆਨਕ ਸਾਗਰ ਵਿਚੋਂ ਬਚਾ ਕੇ ਉਸ ਨੂੰ ਜਨਮ ਮਰਣ ਦੇ ਗੇੜ ਤੋਂ ਵੀ ਬਚਾ ਲਿਆ। ਇਕ ਜ਼ਬਾਨ ਉਸ ਸ਼ਹੁ ਦੇ ਅਣਗਿਣਤ ਗੁਣ ਗਾਉਣ ਦੇ ਸਮਰੱਥ ਨਹੀਂ ਪਰ ਜੀਵ ਇਸਤ੍ਰੀ ਨੇ ਨਿਮਰਤਾ ਨਾਲ ਆਪਾ ਸਮਰਪਣ ਕਰਕੇ ਸੰਸਾਰ ਦਾ ਭਉਸਾਗਰ ਪਾਰ ਕਰ ਲਿਆ ਹੈ। ਜੀਵਨ ਰੁਪੀ ਇਸ ਫ਼ੱਗਣ ਦੇ ਮਹੀਨੇ ਵਿਚ ਮਨੁੱਖ ਨੂੰ ਪ੍ਰਭੂ ਦੀ ਨਿਰੰਤਰ ਸਿਫ਼ਤ ਸਾਲਾਹ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ਜਿਸ ਨੂੰ ਰਤਾ ਮਾਤਰ ਵੀ ਕੋਈ ਆਪਣੀ ਗ਼ਰਜ਼ ਨਹੀਂ ।

ਬਾਰਹ ਮਾਹਾ ਤੁਖਾਰੀ ਛੰਤ ਮਹਲਾ ੧ ਵਿਚੋਂ ਫੱਗਣ ਦੇ ਮਹੀਨੇ ਦਾ ਪਾਠ
ਅਤੇ
ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥

ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥

ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਫੱਗਣ ਦੇ ਮਹੀਨੇ ਰਾਹੀਂ ਗੁਰੂ ਨਾਨਕ ਦੇਵ ਜੀ ਇਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ :

ਜਿਸ ਜੀਵ ਨੂੰ ਪਰਮਾਤਮਾ ਦਾ ਪਿਆਰ ਮਿੱਠਾ ਲੱਗਦਾ ਹੈ ਉਹ ਆਪਣੇ ਅੰਦਰੋਂ ਗੁਰੂ ਦੀ ਕਿਰਪਾ ਨਾਲ ਮਾਇਆ ਦਾ ਮੋਹ ਅਤੇ ਆਪਾ ਭਾਵ ਗਵਾ ਲੈਂਦਾ ਹੈ। ਉਸ ਦੇ ਅੰਦਰ ਸਦੀਵੀ ਆਨੰਦ ਬਣਿਆ ਰਹਿੰਦਾ ਹੈ। ਪ੍ਰਭੂ ਪਰਮਾਤਮਾ ਆਪ ਹੀ ਉਹਦੇ ਹਿਰਦੇ ਘਰ ਵਿੱਚ ਆ ਵਸਦਾ ਹੈ। ਬਾਹਰੀ ਦਿਖਾਵੇ ਵਾਲੇ ਧਾਰਮਿਕ ਕੰਮਾਂ ਨਾਲ ਪਰਮਾਤਮਾ ਦਾ ਮਿਲਾਪ ਨਹੀਂ ਹੋ ਸਕਦਾ। ਜੋ ਜੀਵ ਪਰਮਾਤਮਾ ਨੂੰ ਭਾਅ ਜਾਣ ਵਿੱਚ ਹੀ ਦੁਨੀਆਂ ਦੇ ਸਾਰੇ ਰੰਗ ਰਸ ਅਤੇ ਸ਼ਿੰਗਾਰ ਸਮਝਦਾ ਹੈ ਉਸ ਨੂੰ ਆਪਣੇ ਅੰਦਰੋਂ ਹੀ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ।

ਬਾਰਹ ਮਾਹਾ ਤੁਖਾਰੀ ਛੰਤ ਮਹਲਾ ੧ ਵਿਚੋਂ ਫੱਗਣ ਦੇ ਮਹੀਨੇ ਦੇ

ਪਾਠ ਦੀ ਕਾਵਿਕ ਵਿਆਖਿਆ

ਫੱਗਣ ਮਹੀਨੇ ਜਿਹਨੂੰ , ਭਾ ਗਿਆ ਪਿਆਰ ਉਹਦਾ,
ਸਦਾ ਲਈ ਅਨੰਦ ਜੀਵ ਇਸਤਰੀ ਨੇ ਪਾ ਲਿਆ।

ਮਨ ਵਿੱਚ ਉਹਦੇ ਸਦਾ ਬਣਿਆ ਖਿੜਾਓ ਰਹਿੰਦਾ,
ਅੰਦਰੋਂ ਹੈ ਜਿਹਨੇ ਆਪਾ ਭਾਵ ਨੂੰ ਗਵਾ ਲਿਆ।

ਪ੍ਰਭੂ ਨੂੰ ਜੇ ਚੰਗਾ ਲੱਗੇ, ਮਿਹਰ ਨਾਲ ਆਪਣੀ ਉਹ,
ਮਾਇਆ ਵਾਲਾ ਮੋਹ ਉਹਦੇ ਅੰਦਰੋਂ ਮੁਕਾਉਂਦਾ ਹੈ।

ਕਰਦਾ ਹੈ ਕਿਰਪਾ ਉਹ ਪ੍ਰਭੂ ਜਦੋਂ ਆਪਣੀ ਤਾਂ,
ਆਪ ਉਹਦੇ ਹਿਰਦੇ ਦੇ ਘਰ ਵਿੱਚ ਆਉਂਦਾ ਹੈ।

ਪ੍ਰਭੂ ਦੇ ਮਿਲਾਪ ਤੋਂ ਬਗੈਰ ਕਿੰਨੇ ਵੇਸ ਕਰੇ ,
ਲਾ ਲਾ ਸ਼ਿੰਗਾਰ ਦੱਸੋ ਕਿਸ ਨੂੰ ਦਿਖਣਾ ਹੈ।

ਬਾਹਰੀ ਦਿਖਾਵੇ ਵਾਲੇ ਕੰਮ ਕਿੰਨੇ ਕਰੀ ਜਾਵੇ
ਚਰਨਾਂ ਚ ਉਹਦੇ ਨਹੀਓ ਮਿਲਣਾ ਟਿਕਾਣਾ ਹੈ।

ਰੇਸ਼ਮੀ ਪਹਿਰਾਵਾ ਕੀ ਹੈ ਉਸ ਜੀਵ ਇਸਤਰੀ ਲਈ,
ਨਾ ਹੀ ਉਹਦੇ ਲਈ ਕੋਈ ਹਾਰ ਤੇ ਸ਼ਿੰਗਾਰ ਹੈ।

ਗਈ ਉਹ ਸ਼ਿੰਗਾਰੀ, ਸਾਰੇ ਹਾਰਾਂ ਤੇ ਸ਼ਿੰਗਾਰਾਂ
ਨਾਲਮਿਲ ਗਿਆ ਜੇਸ ਨੂੰ ਪਿਆਰੇ ਦਾ ਪਿਆਰ ਹੈ।

ਆਪਣੇ ਗੁਰੂ ਦੇ ਰਾਹੀਂ ਜਿਸ ਜੀਵ ਇਸਤਰੀ ਨੂੰ,
ਪ੍ਰਭੂ ਪਤੀ ਨੇ ਹੈ ਨਾਲ ਆਪਣੇ ਮਿਲਾ ਲਿਆ।

ਨਾਨਕ ਜੀ ਆਖਦੇ ਨੇ 'ਨੂਰ' ਓਸ ਨਾਰ ਨੇ ਤਾਂ,
ਹਿਰਦੇ ਦੇ ਘਰ ਚੋਂ ਹੀ ਪ੍ਰਭੂ ਵਰ ਪਾ ਲਿਆ।

ਇੰਜੀ. ਸਰਦਾਰ ਕਰਮਜੀਤ ਸਿੰਘ ਨੂਰ

ਸਫ਼ਰ-ਏ-ਸ਼ਹਾਦਤ : ਭਾਗ - 2.

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



ਸਰਸਾ ਨਦੀ ਤੋਂ ਬਾਅਦ ਗੁਰੂ ਸਾਹਿਬ ਰੋਪੜ ਨੇੜੇ ਕੋਟਲਾ ਨਿਹੰਗ ਖ਼ਾਨ ਦੀ ਹਵੇਲੀ ਵਿੱਚ ਦੋਹਾਂ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਅਤੇ ਕੁਝ ਸਿੰਘਾਂ ਸਮੇਤ ਪਹੁੰਚੇ। ਭਾਵੇਂ ਮੁਗ਼ਲ ਬਾਦਸ਼ਾਹ ਜ਼ਾਲਮ ਸਨ ਪਰ ਆਮ ਮੁਸਲਮਾਨ ਗੁਰੂ ਸਾਹਿਬ ਨੂੰ ਪਿਆਰ ਕਰਦੇ ਸਨ ਅਤੇ ਉਨ੍ਹਾਂ ਵਾਸਤੇ ਹਰ ਤਰ੍ਹਾਂ ਦਾ ਖਤਰਾ ਮੁੱਲ ਲੈਣ ਨੂੰ ਤਿਆਰ ਸਨ। ਥੋੜ੍ਹੀ ਦੇਰ ਬਾਅਦ ਕਿਸੇ ਸੂਹੀਏ ਨੇ ਖ਼ਬਰ ਦਿੱਤੀ ਕਿ ਭਾਈ ਬਚਿੱਤਰ ਸਿੰਘ ਰੰਗੜਾਂ ਨਾਲ ਮੁਕਾਬਲਾ ਕਰਦਿਆਂ ਗੰਭੀਰ ਜ਼ਖ਼ਮੀ ਹੋ ਗਿਆ ਹੈ। ਗੁਰੂ ਸਾਹਿਬ ਨੇ ਆਪਣੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਨੂੰ ਮੈਦਾਨਿ ਜੰਗ ਵਿੱਚੋਂ ਭਾਈ ਬਚਿੱਤਰ ਸਿੰਘ ਨੂੰ ਲਿਆਉਣ ਲਈ ਕੁਝ ਸਿੰਘਾਂ ਸਮੇਤ ਭੇਜਿਆ। ਲਹੂ ਨਾਲ ਲੱਥਪੱਥ ਭਾਈ ਬਚਿੱਤਰ ਸਿੰਘ ਨੂੰ ਗੁਰੂ ਸਾਹਿਬ ਨੇ ਨਿਹੰਗ ਖ਼ਾਨ ਨੂੰ ਸੌਂਪਿਆ।

ਉਸ ਨੇ ਆਪਣੀ ਕੁਆਰੀ ਧੀ ਬੀਬੀ ਮੁਮਤਾਜ਼ ਨੂੰ ਬਚਿੱਤਰ ਸਿੰਘ ਦੀ ਦੇਖਭਾਲ ਅਤੇ ਸੇਵਾ ਕਰਨ ਲਈ ਕਿਹਾ। ਮੁਗਲ ਫੌਂਜ ਗੁਰੂ ਜੀ ਦਾ ਪਿੱਛਾ ਕਰਦੀ ਕਰਦੀ ਰੋਪੜ ਪਹੁੰਚ ਗਈ । ਨਿਹੰਗ ਖ਼ਾਨ ਨੂੰ ਖ਼ਬਰ ਮਿਲੀ ਕਿ ਉਸ ਦੀ ਹਵੇਲੀ ਵੱਲ ਮੁਗਲ ਫ਼ੌਜ ਆ ਰਹੀ ਹੈ। ਉਸ ਨੇ ਆਪਣੇ ਪਰਿਵਾਰ ਨੂੰ ਨਾਲ ਲੈਕੇ ਸਿੱਘਾਂ ਦੇ ਲਹੂ ਅਤੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਸਾਫ਼ ਕਰ ਦਿੱਤੇ। ਫੌਂਜ ਨੇ ਹਵੇਲੀ ਦੀ ਤਲਾਸ਼ੀ ਲਈ। ਇੱਕ ਕਮਰਾ ਬੰਦ ਪਿਆ ਸੀ। ਜਦੋਂ ਫੌਂਜ ਨੇ ਬੰਦ ਕਮਰੇ ਬਾਰੇ ਪੁੱਛਿਆ ਤਾਂ ਨਿਹੰਗ ਖ਼ਾਨ ਨੇ ਕਿਹਾ ਕਿ ਉਸ ਕਮਰੇ ਵਿੱਚ ਉਸ ਦੇ ਧੀ ਅਤੇ ਜੁਆਈ ਹਨ ਜੋ ਕਿ ਉਸ ਦੀ ਧੀ ਮੁਮਤਾਜ਼ ਨੇ ਸੁਣ ਲਿਆ। ਬਚਿੱਤਰ ਸਿੰਘ ਉਨ੍ਹਾਂ ਦੇ ਘਰ ਵਿੱਚ ਹੀ ਸ਼ਹੀਦੀ ਪਾ ਗਏ। ਬਾਅਦ ਵਿੱਚ ਜਦੋਂ ਮੁਮਤਾਜ਼ ਦੇ ਵਿਆਹ ਦੀ ਗੱਲ ਘਰ ਵਿੱਚ ਤੁਰੀ ਤਾਂ ਉਸ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਦੂਜਾ ਵਿਆਹ ਨਹੀਂ ਕਰਵਾ ਸਕਦੀ ਕਿਉਂਕਿ ਉਸਨੇ ਬਚਿੱਤਰ ਸਿੰਘ ਨੂੰ ਆਪਣਾ ਪਤੀ ਮੰਨ ਲਿਆ ਸੀ। ਸੋ ਬੀਬੀ ਮੁਮਤਾਜ਼ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ 131 ਸਾਲ ਦੀ ਉਮਰ ਭੋਗੀ ਤੇ ਇੱਕ ਸ਼ਹੀਦ ਦੀ ਕੁਆਰੀ ਵਿਧਵਾ ਦੇ ਤੌਂਰ ਤੇ ਜੀਵਨ ਬਿਤਾਇਆ। ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ, ਦੋ ਸਾਹਿਬਜ਼ਾਦਿਆਂ ਅਤੇ 35 ਸਿੰਘਾਂ ਸਮੇਤ ਚਮਕੌਰ ਸਾਹਿਬ, ਬੁੱਧੀ ਚੰਦ ਰਾਵਤ ਦੀ ਹਵੇਲੀ ਗਏ, ਜੋ ਪੂਰੀ ਦੁਨੀਆਂ ਵਿੱਚ ਕੱਚੀ ਗੜ੍ਹੀ ਕਰਕੇ ਮਸ਼ਹੂਰ ਹੋਈ, ਜਿਸ ਬਾਰੇ ਅੱਲ੍ਹਾ ਯਾਰ ਖਾਂ ਜੋਗੀ ਜੀ ਲਿਖਦੇ ਹਨ,

ਹਿੰਦ ਮੇਂ ਬੱਸ ਏਕ ਹੀ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲੀਯੇ।

ਭੁੱਖੇ, ਪਿਆਸੇ, ਸਫ਼ਰ ਦੀ ਥਕਾਵਟ, ਉਨੀਂਦਰਾ ਅਤੇ ਕਕਰੀਲੀ ਠੰਡ ਵਿੱਚ ਰਾਤ ਦੇ ਸਮੇਂ ਇਸ ਹਵੇਲੀ ਵਿੱਚ ਪਹੁੰਚਦੇ ਹਨ। ਅੱਜ ਗੁਰੂ ਸਾਹਿਬ ਆਪ ਪਹਿਰੇਦਾਰ ਬਣਿਆ। ਸੁੱਤੇ ਪਏ ਸਿੰਘਾਂ ਨੂੰ ਨਿਹਾਰਦੇ ਹਨ, ਪਿਆਰਦੇ ਹਨ, ਮੱਥੇ ਚੁੰਮਦੇ ਹਨ। ਜੋਗੀ ਜੀ ਲਿਖਦੇ ਹਨ ਗੁਰੂ ਸਾਹਿਬ ਅਪਣੇ ਸਿੱਖਾਂ ਦੇ ਪੈਰ ਵੀ ਚੁੰਮਦੇ ਹਨ ਅਤੇ ਸੋਚਦੇ ਹਨ ਇਨ੍ਹਾਂ ਮਰਜੀਵੜਿਆਂ ਨੇ ਕੱਲ੍ਹ ਨੂੰ ਨਹੀਂ ਰਹਿਣਾ।

ਚਮਕ ਹੈ ਮਿਹਰ ਕੀ ਚਮਕੌਰ ਤੇਰੇ ਜ਼ਰੋ ਮੇਂ,
ਯਹੀ ਸੇ ਬਣ ਕੇ ਸਿਤਾਰੇ ਗਏ ਆਸਮਾਂ ਕੇ ਲੀਏ।

ਚਮਕੌਰ ਸਾਹਿਬ ਦੀ ਗੜ੍ਹੀ ਦੀਆਂ ਗੁਝੀਆਂ ਰਮਜ਼ਾਂ ਹਨ । ਦੋ ਸਿੱਖਾਂ ਭਾਈ ਕਾਠਾ ਸਿੰਘ ਅਤੇ ਭਾਈ ਮਦਨ ਸਿੰਘ ਨੂੰ ਮੁੱਖ ਦੁਆਰ ਤੇ ਪਹਿਰੇ ਤੇ ਲਾਉਂਦੇ ਹਨ । ਇਥੇ ਖਾਲਸੇ ਦਾ ਪ੍ਰਤੱਖ ਰੂਪ ਪ੍ਰਗਟ ਹੁੰਦਾ ਹੈ। ਗੁਰੂ ਸਾਹਿਬ ਜੀ ਦੀ ਯੁੱਧ ਨੀਤੀ ਦੀ ਦੂਰ ਦ੍ਰਿਸ਼ਟੀ। ਦੁਸ਼ਮਣ ਨੂੰ ਅੰਦਰ ਨਾ ਆਉਣ ਦਿਓ, ਨਹੀਂ ਤਾਂ ਤੁਸੀਂ ਅੱਧੀ ਲੜਾਈ ਉਸੇ ਸਮੇਂ ਹਾਰ ਜਾਓਗੇ। ਅਖੀਰ ਤੱਕ ਦੁਸ਼ਮਣ ਦਾ ਇੱਕ ਸਿਪਾਹੀ ਵੀ ਗੜ੍ਹੀ ਦੇ ਨੇੜੇ ਨਹੀਂ ਫਟਕਣ ਦਿੱਤਾ। ਗੁਰੂ ਸਾਹਿਬ ਨੇ ਪੰਜ ਪੰਜ ਦੇ ਜਥੇ ਬਣਾ ਕੇ ਮੈਦਾਨਿ ਜੰਗ ਵੱਲ ਤੋਰੇ। ਪਹਿਲਾਂ ਜਰਨੈਲ ਤੇ ਵਾਰ ਕਰੋ ਪਿਆਦੇ ਆਪੇ ਹੀ ਭੱਜ ਜਾਣਗੇ।

ਇਥੇ ਹੀ ਸਵਾ ਲਾਖ ਸੇ ਏਕ ਲੜਾਊਂ ਦੇ ਵਾਕ ਨੂੰ ਅਮਲੀ ਜਾਮਾ ਪਹਿਨਾਇਆ। ਅੰਦਰ ਚਾਲੀ ਸਿੰਘ ਅਤੇ ਬਾਹਰ ਦਸ ਲੱਖ। ਗੁਰੂ ਦੇ ਇਲਾਹੀ ਜਲਾਲ ਦੇ ਸਾਹਮਣੇ ਗਿਣਤੀ ਕੋਈ ਮਾਅਨੇ ਨਹੀਂ ਰੱਖਦੀ। ਪੁੱਤਾਂ ਅਤੇ ਸਿਖਾਂ ਵਿਚਲਾ ਫਾਸਲਾ ਮਿਟਾ ਦਿੱਤਾ। ਦੋਹਾਂ ਲਾਲਾਂ ਨੂੰ ਆਪ ਰਣਭੂਮੀ ਵਿੱਚ ਭੇਜਿਆ।

ਚੌਦਾਂ ਸਾਲਾਂ ਦੇ ਜੁਝਾਰ ਸਿੰਘ ਨੂੰ ਆਪ ਹੱਥੀਂ ਸ਼ਾਸਤਰ ਸਜਾਏ ਤੇ ਸਮਝਾਇਆਂ ਕਿ ਤੀਰ ਹਿੱਕ ਵਿੱਚ ਖਾਣਾ ਹੈ ਪਿੱਠ ਤੇ ਨਹੀਂ। ਜੁਝਾਰ ਸਿੰਘ ਨੇ ਬਹਾਦਰੀ ਦੇ ਜੌਹਰ ਦਿਖਾਏ ਅਤੇ ਕਈ ਜਰਨੈਲਾਂ ਦੇ ਸਿਰ ਕਲਮ ਕੀਤੇ।ਪੁੱਤਾਂ ਨੂੰ ਮੰਮਟੀ ਤੇ ਚੜ੍ਹ ਕੇ ਪੁਰਜ਼ਾ ਪੁਰਜ਼ਾ ਕਟਾ ਕੇ ਸ਼ਹੀਦ ਹੁੰਦਿਆਂ ਵੇਖ ਚਿਹਰੇ ਤੇ ਉਦਾਸੀ ਤੱਕ ਨਹੀਂ ਆਈ ਸਗੋਂ ਜੈਕਾਰੇ ਛੱਡੇ।

ਗੁਰੂ ਦੇ ਅੰਗ ਸੰਗ ਹੋਣ ਦਾ ਮਲਾਲ ਅਤੇ ਮਨ ਦੀਆਂ ਅਸੀਮ ਸ਼ਕਤੀਆਂ ਦਾ ਪ੍ਰਗਟਾਵਾ।

ਅੱਠ ਮਹੀਨਿਆਂ ਦੇ ਘੇਰੇ ਤੋਂ ਬਾਅਦ ਕਮਜ਼ੋਰ ਸਰੀਰ, ਭੁੱਖਣ ਭਾਣੇ, ਕਹਿਰਾਂ ਦੀ ਠੰਡ, ਪਰ ਮਨ ਚੜ੍ਹਦੀ ਕਲਾ, ਮੈਦਾਨਿ ਜੰਗ ਵਿੱਚ ਤਰਥੱਲੀ ਮਚਾ ਲਾਸ਼ਾਂ ਦੇ ਢੇਰ ਲਾ ਦਿਤੇ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ। ਪੰਜਾਂ ਪਿਆਰਿਆਂ ਦਾ ਹੁਕਮ ਮੰਨ ਕੇ ਗੜ੍ਹੀ ਨੂੰ ਛੱਡਿਆ। ਚੁਪਕੇ ਜਿਹੇ ਨਹੀਂ, ਲਲਕਾਰ ਕੇ, ਤਾੜੀ ਮਾਰ ਕੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਗੜ੍ਹੀ ਚੋਂ ਨਿਕਲੇ। ਨਾਲ ਤਿੰਨ ਸਿੰਘਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਮਾਨ ਸਿੰਘ ਨੂੰ ਲਿਆ। ਚਾਰੇ ਦਿਸ਼ਾਵਾਂ ਤੋਂ ਜੈਕਾਰੇ ਗੂੰਜ ਰਹੇ ਸਨ। ਮੰਮਟੀ ਤੋਂ ਭਾਈ ਸੰਗਤ ਸਿੰਘ ਤੀਰਾਂ ਦੀ ਵਰਖਾ ਕਰ ਰਹੇ ਸਨ ਅਤੇ ਭਾਈ ਸੰਤ ਸਿੰਘ ਜੀ ਨਗਾਰਾ ਵਜਾ ਰਹੇ ਸਨ। ਇਸ ਤਰ੍ਹਾਂ ਦੁਸ਼ਮਣ ਫੌਜਾਂ ਵਿੱਚ ਤਰਥੱਲੀ ਮੱਚ ਗਈ।

ਖਾਲਸਾ ਮੇਰੋ ਰੂਪ ਹੈ ਖਾਸ, ਪ੍ਰਤੱਖ ਕਰ ਦਿਖਾਇਆ। ਗੜ੍ਹੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ, ਬਾਣਾ ਅਤੇ ਜੋੜਾ ਸੰਗਤ ਸਿੰਘ ਜੀ ਨੂੰ ਸੌਂਪ ਅਪਣਾ ਹੀ ਰੂਪ ਬਣਾ ਲਿਆ। ਅਖੀਰ ਤੱਕ ਦੁਸ਼ਮਣਾਂ ਨੂੰ ਭੁਲੇਖੇ ਵਿੱਚ ਪਾਈ ਰੱਖਿਆ।

ਗੁਰਬਾਣੀ ਵਿੱਚ ਜਨਮ ਮਰਨ ਦਾ ਸੰਕਲਪ

ਸਰਦਾਰਨੀ ਅੰਮ੍ਰਿਤ ਪਾਲ ਕੌਰ (ਜਲੰਧਰ)

ਸਰੀਰ, ਮਨ ਅਤੇ ਆਤਮਾ ਦਾ ਸੰਜੋਗ ਹੀ ਜੀਵਨ ਹੈ ਅਤੇ ਇਨ੍ਹਾਂ ਦਾ ਵਿਜੋਗ ਹੀ ਮੌਤ ਹੈ। ਸੰਸਾਰ ਵਿੱਚ ਸੰਜੋਗ -ਵਿਜੋਗ ਦੀ ਕਾਰ ਪਰਮਾਤਮਾ ਦੇ ਹੁਕਮ ਵਿੱਚ ਹੀ ਚਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਗਿਆ ਹੈ : ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥(ਅੰਗ 6)॥

ਮਨੁੱਖ ਦੀ ਸੁਰਤ, ਬੁੱਧੀ ਦੇ ਅਧੀਨ ਜੋ ਕਰਮ ਕਰਦੀ ਹੈ ਉਹ ਸ਼ੁਭ ਕਰਮ ਹੁੰਦੇ ਹਨ। ਮਨ (ਜਿਸ ਦਾ ਵਜੂਦ ਵਿਸ਼ੇ ਵਿਕਾਰਾਂ ਦਾ ਹੈ) ਦੇ ਅਧੀਨ ਕੀਤੇ ਗਏ ਕਰਮ ਮਾੜੇ ਹਨ। ਮਨੁੱਖ ਦੇ ਕੀਤੇ ਹੋਏ ਇਹ ਸਾਰੇ ਕਰਮ ਉਸ ਦੇ ਅੰਤਹਕਰਨ ਵਿੱਚ ਕੰਪਿਊਟਰ ਜਾਂ ਟੇਪ ਰਿਕਾਰਡਰ ਵਾਂਗ ਦਰਜ ਹੁੰਦੇ ਜਾਂਦੇ ਹਨ। ਇਹਨਾਂ ਕਰਮਾਂ ਦੀ ਪੂੰਜੀ ਦੇ ਲੇਖੇ ਹੀ ਜਨਮ ਮਰਨ ਹੁੰਦਾ ਹੈ। ਆਸਾ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ : ਜੰਮਣ ਮਰਨਾ ਆਖੀਐ ਤਿਨਿ ਕਰਤੈ ਕੀਆ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ॥ (ਅੰਗ,420)॥

ਹਰ ਕੋਈ ਜਨਮ ਮਰਨ ਦੇ ਗੇੜ ਦਾ ਜ਼ਿਕਰ ਕਰਦਾ ਹੈ, ਇਹ ਕਰਤਾਰ ਨੇ ਆਪ ਹੀ ਬਣਾਇਆ ਹੈ। ਜੰਮਣਾ ਮਰਨਾ ਪਰਮਾਤਮਾ ਦਾ ਹੁਕਮ ਹੈ। ਮਮਤਾ ਦੇ ਮੋਹ ਵਿੱਚ ਫਸਣ ਕਰਕੇ ਜੀਵਾਂ ਨੂੰ ਸਿਰ ਉੱਤੇ ਮਾਰ ਪੈਂਦੀ ਹੀ ਤੇ ਜੰਮਣ ਮਰਨ ਦੀ ਰੱਬੀ ਕੈਦ ਵਿੱਚ ਜੀਵ ਪੈਂਦੇ ਹਨ। ਗੁਰਵਾਕ ਹੈ : ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ॥ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ॥ (ਅੰਗ 420)॥

ਕਬੀਰ ਜੀ ਦਾ ਵੀ ਇਹੋ ਵਿਚਾਰ ਹੈ ਕਿ ਜਨਮ ਮਰਨ ਦਾ ਗੇੜ ਪ੍ਰਭੂ ਦੀ ਰਜ਼ਾ ਅਨੁਸਾਰ ਹੀ ਹੈ। ਉਹ ਉਸ ਰਜ਼ਾ ਵਿੱਚ ਲੀਨ ਹੋ ਗਏ ਹਨ। ਜਗਤ ਪ੍ਰਭੂ ਦਾ ਹੀ ਖੇਲ ਹੈ ਜਿਸ ਦਾ ਲੇਖਾ ਕੋਈ ਨਹੀਂ ਲਾ ਸਕਦਾ : ਆਵਣ ਜਾਣਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਚਹਿਗੇ॥(ਅੰਗ 1103)॥

ਪ੍ਰਭੂ ਦੀ ਰਜ਼ਾ ਤੋਂ ਜਨਮ ਹੁੰਦਾ ਹੈ : ਜਾ ਤਿਸ ਭਾਣਾ ਤਾ ਜੰਮਿਆ ॥(ਅੰਗ 917) ਅਤੇ : ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥(ਅੰਗ 472)॥

ਕਈ ਜਨਮਾਂ ਵਿੱਚ ਤੂੰ ਕੀੜੇ, ਪਤੰਗੇ, ਕਈ ਜਨਮਾਂ ਵਿੱਚ ਹਾਥੀ ਮੱਛ ਹਿਰਨ, ਪੰਛੀ, ਸੱਪ, ਘੋੜੇ, ਬਲਦ ਬਣ ਕੇ ਜੋਇਆ ਗਿਆ। ਇਹੀ ਮਨੁੱਖਾ ਜਨਮ ਪ੍ਰਭੂ ਨੂੰ ਮਿਲਣ ਦਾ ਸਮਾ ਹੈ। ਚਿਰ ਪਿਛੋਂ ਇਹ ਮਨੁੱਖਾ ਸਰੀਰ ਮਿਲਿਆ ਹੈ। ਗੁਰੂ ਜੀ ਫੁਰਮਾਉਂਦੇ ਹਨ : ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥ ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥ ਮਿਲੁ ਜਗਦੀਸ ਮਿਲਨ ਕੀ ਬਰੀਆ ਚਿਰੰਕਾਲ ਇਹ ਦੇਹ ਸੰਜਰੀਆ॥ (ਅੰਗ 176)॥

ਜਨਮ ਮਰਨ ਦੁੱਖ ਕਿਵੇਂ ਹੈ? ਮਾਇਆ ਦੇ ਮੋਹ ਵਿੱਚ ਜੀਵ ਮੁੜ ਮੁੜ ਜੰਮ ਕੇ ਮੁੜ ਮਰਦਾ ਹੈ। ਜਨਮ ਮਰਨ ਦੇ ਲੰਮੇ ਗੇੜ ਵਿੱਚ ਦੁੱਖ ਸਹਿੰਦਾ ਹੈ, ਪਰਮਾਤਮਾ ਨਾਲ ਸਾਂਝ ਨਹੀਂ ਪਾਂਦਾ। ਇਹ ਜਗਤ ਤਮਾਸ਼ਾ ਉਸ ਨੂੰ ਖੁਆਰ ਕਰਦਾ ਹੈ। ਹਰੇਕ ਦੇ ਸਿਰ ਉੱਤੇ ਉਸ ਦੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਕਮਾਈ ਦਾ ਅਸਰ ਹੈ। ਜਿੰਨ੍ਹੂੰ ਪ੍ਰਭੂ ਨੇ ਮਾਇਆ ਦੇ ਤਿੰਨਾਂ ਗੁਣਾਂ ਵਿੱਚ ਭਵਾਇਆ, ਉਹ ਜੰਮਦਾ ਮਰਦਾ ਰਹਿੰਦਾ ਹੈ : ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਇ॥(ਅੰਗ 284)॥

ਨਾਮ ਸਿਮਰਨ ਤੋਂ ਬਿਨਾਂ ਜਨਮ ਮਰਨ ਦਾ ਗੇੜ ਨਹੀਂ ਮੁੱਕਦਾ, ਪਰਮਾਤਮਾ ਨਾਲ ਮੇਲ ਨਹੀਂ ਹੁੰਦਾ, ਜਨਮ ਮਰਨ ਦਾ ਭਾਰਾ ਕਲੇਸ਼ ਬਣਿਆ ਰਹਿੰਦਾ ਹੈ ਤੇ ਮਾਇਆ ਦੇ ਮੋਹ ਵਿੱਚ ਫਸੇ ਰਹਿਣ ਦੇ ਕਾਰਣ ਜਿੰਦ ਨੂੰ ਨਿੱਤ ਸਹਿਮ ਖਾਂਦਾ ਰਹਿੰਦਾ ਹੈ। ਗੁਰ ਬਚਨ ਹਨ : ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥ ਜਨਮ ਮਰਣ ਕਾ ਦੁੱਖ ਘਣੋ ਨਿਤ ਸਹਸਾ ਦੋਈ॥(ਅੰਗ 422)॥

ਕਿਸ ਨੂੰ ਇਹ ਦੁੱਖ ਹੁੰਦਾ ਹੈ ? ਜਿਹੜੀ ਜੀਵ ਇਸਤ੍ਰੀ ਮਨ ਦੀ ਅਗਵਾਈ ਵਿੱਚ ਤੁਰਦੀ ਹੈ, ਉਸ ਦੇ ਸਿਰ ਉੱਤੇ (ਜਨਮ ਮਰਨ) ਦੀ ਮਾਰ ਹੈ, ਉਹ ਮੋਹ ਮਮਤਾ ਵਿੱਚ ਹੀ ਖੁਆਰ ਹੁੰਦੀ ਹੈ। ਮੋਹ ਦੀ ਫਾਹੀ ਵਿੱਚ ਬੱਝੀ ਹੋਈ ਹੀ ਇੱਥੋਂ ਪਰਲੋਕ ਵੱਲ ਤੋਰੀ ਜਾਂਦੀ ਹੈ। ਇਸ ਲਈ ਜੰਮਣ ਮਰਨ ਨੂੰ ਦੁੱਖ ਕਿਹਾ ਗਿਆ ਹੈ : ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ॥ ਤਾਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ॥(ਅੰਗ 420)॥ ਜਿਹੜਾ ਮਨੁੱਖ ਹਰੀ ਦਾ ਨਾਮ ਨਹੀਂ ਸਿਮਰਦਾ, ਉਹ ਜੰਮਣ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ।

ਪੰਚਮ ਪਾਤਸ਼ਾਹ ਬਚਨ ਕਰਦੇ ਹਨ : ਜਮਿ ਜਮਿ ਮਰੈ ਮਰੈ ਫਿਰਿ ਜੰਮੈ ਬਹੁਤ ਸਜਾਇ ਪਇਆ ਦੇਸਿ ਲੰਮੈ॥ (ਅੰਗ 1019)॥

ਜੰਮਣ ਮਰਨ ਦਾ ਦੁੱਖ ਕਿਸ ਨੂੰ ਨਹੀਂ ਵਿਆਪਦਾ? ਦਿਨ ਰਾਤ ਆਤਮਕ ਅਡੋਲਤਾ ਵਿੱਚ ਟਿਕ ਕੇ ਪਰਮਾਤਮਾ ਦੇ ਨਾਮ ਜਪਣ ਨਾਲ, ਇਹ ਦੁੱਖ ਕੱਟਿਆ ਜਾਂਦਾ ਹੈ। ਭੱਟ ਟੱਲ ਜੀ ਅਨੁਸਾਰ: ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ। ਦਰਸਨਿ ਪਰਸਿਐ ਗੁਰੂ ਕੈ ਜਨਮ ਮਰਨ ਦੁਖੁ ਜਾਇ॥ (ਅੰਗ 1392)॥ ਜਿਹੜੇ ਜੀਵ ਆਪਾ ਭਾਵ ਗਵਾ ਕੇ ਮਾਇਆ ਵੱਲੋਂ ਮਨ ਮੋੜ ਲੈਂਦੇ ਹਨ, ਉਹਨਾਂ ਨੂੰ ਇਹ ਗੇੜ ਨਹੀਂ ਵਿਆਪਦਾ। ਹਉਮੈ ਨੂੰ ਮਿਟਾ ਕੇ ਹੀ ਮਨੁੱਖ ਅਕਾਲ ਪੁਰਖ ਵਿੱਚ ਲੀਨ ਹੋ ਸਕਦਾ ਹੈ। ਸੁਰਤ ਨੂੰ ਸ਼ਬਦ ਗੁਰੂ ਵਿੱਚ ਲੀਨ ਕਰਕੇ ਆਵਾਗਵਨ ਤੋਂ ਮੁਕਤ ਹੋ ਸਕੀਦਾ ਹੈ। ਜਿਸ ਦੀ ਆਸ ਇੱਕ ਅਕਾਲ ਪੁਰਖ ਉੱਤੇ ਹੈ ਉਸ ਦੀ ਜਮਾਂ ਵਾਲੀ ਫਾਹੀ ਕੱਟੀ ਜਾਂਦੀ ਹੈ। ਫੁਰਮਾਣ ਹੈ : ਏਕ ਊਪਰਿ ਜਿਸੁ ਜਨ ਕੀ ਆਸਾ॥ਤਿਸ ਕੀ ਕਟੀਐ ਜਮ ਕੀ ਫਾਸਾ॥(ਅੰਗ 281)॥

ਜਨਮ ਮਰਨ ਦਾ ਚੱਕਰ ਤਦੋਂ ਹੀ ਮੁੱਕਦਾ ਹੈ ਜਦੋਂ ਪੂਰਾ ਸਤਿਗੁਰੂ ਮਿਲਦਾ ਹੈ। ਗੁਰੂ ਨਾਮ ਧਨ ਦਾ ਸਰਮਾਇਆ ਦਿੰਦਾ ਹੈ ਜਿਸ ਨਾਲ ਝੂਠੀ ਮਾਇਆ ਦੀ ਭਟਕਣਾ ਮੁੱਕ ਜਾਂਦੀ ਹੈ। ਪ੍ਰਭੂ ਦੇ ਸਿਮਰਨ ਨਾਲ ਅਤੇ ਸਤਿ-ਸੰਗਤਿ ਦੀ ਚਰਨ ਧੂੜ ਵਿੱਚ ਇਸ਼ਨਾਨ ਕਰਨ ਨਾਲ ਇਸ ਗੇੜ ਵਿੱਚ ਨਹੀਂ ਪਈਦਾ। ਹਿਰਦੇ-ਤੀਰਥ ਉੱਤੇ ਇਸ਼ਨਾਨ ਕਰਿਆਂ ਪਰਮਾਤਮਾ ਦੀ ਸਿਫਤ-ਸਾਲਾਹ ਦੇ ਸ਼ਬਦ ਨੂੰ ਜਿੰਦ ਵਿੱਚ ਟਿਕਾਇਆਂ ਮੁੜ ਜਨਮ ਨਹੀਂ ਹੁੰਦਾ : ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਇਐ॥(ਅੰਗ 780)॥

'ਜਾਪੁ' ਸਾਹਿਬ ਵਿਚ ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਬੇਨਤੀਆਂ ਲਈ ਵਰਤੇ ਸ਼ਬਦ ਤੇ ਤੁਕਾਂ : ਭਾਗ – 2

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

(ਲੜੀ ਜੋੜਨ ਲਈ ਭਾਗ – 1 "ਸਾਂਝੀ ਵਿਰਾਸਤ" ਦਾ ਪਿਛਲਾ ਅੰਕ ਵਿਚ ਪੜ੍ਹੋ ਜੀ)

ਭਾਗ–1 ਵਿੱਚ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਜਾਪੁ' ਸਾਹਿਬ ਵਿੱਚ ਅਕਾਲ ਪੁਰਖ ਲਈ ਵਰਤੇ ਉਹਨਾਂ ਗੁਣ–ਬੋਧਿਕ ਸ਼ਬਦਾਂ ਜਾਂ ਤੁਕਾਂ ਬਾਰੇ ਦੱਸਿਆ ਸੀ ਜਿਹਨਾਂ ਦੇ ਅੱਗੇ ਜਾਂ ਪਿੱਛੇ 'ਨਮਸਤੰ', 'ਨਮਸਤੰਵ', 'ਨਮਸਤਸਤ', ਅਤੇ 'ਨਮੋ' ਸ਼ਬਦ ਲੱਗੇ ਹਨ।

ਭਾਗ–2 ਵਿੱਚ ਉਨ੍ਹਾਂ ਸ਼ਬਦਾਂ ਜਾਂ ਤੁਕਾਂ ਦਾ ਵਰਣਨ ਹੈ ਜਿਹਨਾਂ ਦੇ ਅੱਗੇ ਜਾਂ ਪਿੱਛੇ 'ਹੈਂ', 'ਕਿ', 'ਸਰਬੰ', 'ਕਿ ਸਰਬਤ੍ਰ', 'ਚੱਤ੍ਰ ਚੱਕ੍ਰ', ਅਤੇ 'ਨ' ਸ਼ਬਦ ਲੱਗੇ ਹਨ। ਸੰਖੇਪਤਾ ਲਈ ਜਦੋਂ ਕਿਸੇ ਉਪ–ਭਾਗ ਵਿਚ ਦਿੱਤੇ ਹਰ ਨਾਂ, ਮਹਿਮਾਂ ਜਾਂ ਬੇਨਤੀ ਦੇ ਢੰਗ ਤੋਂ ਪਹਿਲਾਂ ਜਾਂ ਪਿਛੋਂ ਕੋਈ ਸ਼ਬਦ ਦੁਹਰਾਇਆ ਹੋਵੇ ਤਾਂ ਉਹ ਸ਼ਬਦ ਦੁਬਾਰਾ ਨਹੀਂ ਲਿਖਿਆ, ਸਗੋਂ ਉਸ ਉਪ–ਭਾਗ ਦੇ ਸਿਰਲੇਖ ਵਜੋਂ ਲਿਖਿਆ ਹੈ (ਜਿਵੇਂ 'ਹੈਂ', 'ਕਿ'।

ਹਰ ਤੁਕ ਦਾ ਅੰਤ ਦੂਹਰੀ ਖੜੀ ਲਕੀਰ (॥) ਨਾਲ, ਅਤੇ ਹਰ ਪੌੜੀ ਦਾ ਅੰਤ ਪੌੜੀ ਨੰਬਰ (1, 2, ਵਗੈਰਾ) ਨਾਲ ਦਰਸਾਇਆ ਹੈ। ਜੇ ਕਿਸੇ ਤੁਕ ਵਿਚ ਇਕ ਤੋਂ ਵੱਧ ਨਾਮ, ਮਹਿਮਾਵਾਂ ਜਾਂ ਬੇਨਤੀਆਂ ਹਨ ਤਾਂ ਉਨ੍ਹਾਂ ਨੂੰ ਕੌਮਾ (,) ਪਾ ਕੇ ਵੱਖ ਕਰਨ ਦਾ ਯਤਨ ਕੀਤਾ ਹੈ।

ਹੈਂ (*ਅਚਰਜ ਬੋਧਕ*)

ਹੇਠਾਂ ਦਿੱਤੇ ਸ਼ਬਦ ਜਾਂ ਤੁਕਾਂ ਵਿਚ ਪ੍ਰਮਾਤਮਾ ਨੂੰ 'ਅਚਰਜ ਬੋਧਕ' ਦਰਸਾਇਆ ਹੈ।ਹਰ ਸ਼ਬਦ ਜਾਂ ਤੁਕ ਤੋਂ ਬਾਅਦ 'ਹੈਂ' ਪੜ੍ਹਨ ਦੀ ਲੋੜ ਹੈ।

ਉਦਾਹਰਣ ਵਜੋਂ, 'ਅਰੂਪ' ਨੂੰ 'ਅਰੂਪ ਹੈਂ' ਪੜ੍ਹਨਾ ਹੈ, ਭਾਵ– ਹੇ ਪ੍ਰਭੁ! ਤੇਰਾ ਕੋਈ ਰੂਪ ਨਹੀਂ।

ਚਾਚਰੀ ਛੰਦ:

ਅਰੂਪ॥ ਅਨੂਪ॥ ਅਜੂ॥ ਅਭੂ॥29॥ ਅਲੇਖ॥ ਅਭੇਖ॥ ਅਨਾਮ॥ ਅਕਾਮ॥30॥ ਅਧੇ॥ ਅਭੇ॥ ਅਜੀਤ॥ ਅਭੀਤ॥31॥ ਤ੍ਰਿਮਾਨ॥ ਨਿਧਾਨ॥ ਤ੍ਰਿਬਰਗ॥ ਅਸਰਗ॥32॥ ਅਨੀਲ॥ ਅਨਾਦਿ॥ ਅਜੇ॥ ਅਜਾਦਿ॥33॥ ਅਜਨਮ॥ ਅਬਰਨ॥ ਅਭੂਤ॥ ਅਭਰਨ॥34॥ ਅਗੰਜ॥ ਅਭੰਜ॥ ਅਝੂਝ॥ ਅਝੰਝ॥35॥ ਅਮੀਕ॥ ਰਫੀਕ॥ ਅਧੰਧ॥ ਅਬੰਧ॥36॥

ਨ੍ਰਿਬੂਝ॥ ਅਸੂਝ॥ ਅਕਾਲ॥ ਅਜਾਲ॥37॥
ਅਲਾਹ॥ ਅਜਾਹ॥ ਅਨੰਤ॥ ਮਹੰਤ॥38॥
ਅਲੀਕ॥ ਨ੍ਰਿਸ੍ਰੀਕ॥ ਨ੍ਰਿਲੰਭ॥ ਅਸੰਭ॥39॥
ਅਗੰਮ॥ ਅਜੰਮ॥ ਅਭੂਤ॥ ਅਛੂਤ॥40॥
ਅਲੋਕ॥ ਅਸੋਕ॥ ਅਕਰਮ॥ ਅਭਰਮ॥41॥
ਅਜੀਤ॥ ਅਭੀਤ॥ ਅਬਾਹ॥ ਅਗਾਹ॥42॥
ਅਮਾਨ॥ ਨਿਧਾਨ॥ ਅਨੇਕ॥ ਫਿਰ ਏਕ॥43॥
ਜਲੇ॥ ਥਲੇ॥ ਅਭੀਤ॥ ਅਭੇ॥62॥ ਪ੍ਰਭੂ॥
ਅਜੂ॥ ਅਦੇਸ॥ ਅਭੇਸ॥63॥

ਭਗਵਤੀ ਛੰਦ:

ਅਨੇਕੁਲ ਤਰੰਗ॥ ਅਭੇਦ, ਅਭੰਗ॥ ਅਜ਼ੀਜ਼ੁਲ ਨਿਵਾਜ਼॥ ਗ਼ਨੀਮੁਲ ਖ਼ਿਰਾਜ॥124॥ ਨਿਰੁਕਤ ਸਰੂਪ॥ ਤ੍ਰਿਮੁਕਤਿ ਬਿਭੂਤ॥ ਪ੍ਰਭੁਗਤਿ ਪ੍ਰਭਾ॥ ਸੁਜੁਗਤਿ ਸੁਧਾ॥125॥ ਸਦੈਵੰ ਸਰੂਪ॥ ਅਭੇਦੀ ਅਨੂਪ॥ਸਮਸਤੋ ਪਰਾਜ॥ ਸਦਾ ਸਰਬ ਸਾਜ ॥126॥ਸਮਸਤੁਲ ਸਲਾਮ॥ਸਦੈਵਲ ਅਕਾਮ॥ ਨ੍ਰਿਬਾਧ ਸਰੂਪ॥ਅਗਾਧਿ, ਅਨੂਪ॥127॥

ਤ੍ਰਿਭੁਗਤ ਸਰੂਪ॥ ਅਛਿੱਜ, ਅਛੂਤ॥ ਕਿ ਨਰਕੰ ਪ੍ਰਣਾਸ॥ ਪ੍ਰਿਥੀਉਲ ਪ੍ਰਵਾਸ॥130॥ ਨਿਰੁਕਤਿ ਪ੍ਰਭਾ॥ ਸਦੈਵੰ ਸਦਾ॥ ਬਿਭੁਗਤਿ ਸਰੂਪ॥ ਪ੍ਰਜੁਗਤਿ ਅਨੂਪ॥131॥ ਨਿਰੁਕਤਿ ਸਦਾ॥ ਬਿਭੁਗਤਿ ਪ੍ਰਭਾ॥ ਅਨਉਕਤਿ ਸਰੂਪ॥ ਪ੍ਰਜੁਗਤਿ ਅਨੂਪ॥132॥

ਚਾਚਰੀ ਛੰਦ:

ਅਭੰਗ॥ ਅਨੰਗ॥ ਅਭੇਖ॥ ਅਲੇਖ॥133॥ ਅਭਰਮ॥ ਅਕਰਮ॥ ਅਨਾਦਿ॥ ਜੁਗਾਦਿ॥134॥ ਅਜੈ॥ ਅਬੈ॥ ਅਭੂਤ॥ ਅਧੂਤ॥135॥ ਅਨਾਸ॥ ਉਦਾਸ॥ ਅਧੰਧ॥ ਅਬੰਧ॥136॥ ਅਭਗਤ॥ ਬਿਰਕਤ॥ ਅਨਾਸ॥ ਪ੍ਰਕਾਸ॥137॥

ਨਿਚਿੰਤ॥ ਸੁਨਿੰਤ॥ ਅਲਿੱਖ॥ ਅਦਿੱਖ॥138॥
ਅਲੇਖ॥ ਅਭੇਖ॥ ਅਢਾਹ॥ ਅਗਾਹ॥139॥
ਅਸੰਭ॥ ਅਗੰਭ॥ ਅਨੀਲ॥ ਅਨਾਦਿ॥140॥
ਅਨਿੱਤ॥ ਸੁਨਿੱਤ॥ ਅਜਾਤ॥
ਅਜਾਦ॥141॥

ਰਸਾਵਲ ਛੰਦ:

ਨ੍ਰਿਸਾਕੰ ਸਰੀਕ॥ ਅਮਿਤੋ ਅਮੀਕ॥ ਸਦੈਵੰ ਪ੍ਰਭਾ॥ ਅਜੈ, ਅਜਾ॥149॥

ਭਗਵਤੀ ਛੰਦ:

ਕਿ ਜ਼ਾਹਰ ਜ਼ਹੂਰ॥ ਕਿ ਹਾਜ਼ਰ ਜਜ਼ੂਰ॥ ਹਮੇਸੁਲ ਸਲਾਮ॥ ਸਮਸਤੁਲ ਕਲਾਮ॥150॥ ਕਿ ਸਾਹਿਬ ਦਿਮਾਗ਼॥ ਕਿ ਹੁਸਨਲ ਚਰਾਗ਼॥ ਕਿ ਕਾਮਲ ਕਰੀਮ॥ ਕਿ ਰਾਜ਼ਕ ਰਹੀਮ॥151॥ ਕਿ ਰੋਜ਼ੀ ਦਿਹਿੰਦ॥ ਕਿ ਰਾਜ਼ਕ ਰਹਿੰਦ॥ ਕਰੀਮੁਲ ਕਮਾਲ॥ ਕਿ ਹੁਸਨਲ ਜਮਾਲ॥152॥ ਗ਼ਨੀਮੁਲ ਖ਼ਿਰਾਜ॥ ਗ਼ਰੀਬੁਲ ਨਿਵਾਜ਼॥ ਹਰੀਫ਼ੁਲ ਸ਼ਿਕੰਨ॥ ਹਿਰਾਸੁਲ ਫਿਕੰਨ॥153॥ ਕਲੰਕੰ ਪ੍ਰਣਾਸ॥ ਸਮਸਤੁਲ ਨਿਵਾਸ॥ ਅਗੰਜੁਲ ਗਨੀਮ॥ ਰਜ਼ਾਇਕ ਰਹੀਮ॥154॥ ਸਮਸਤੁਲ ਜੁਬਾਂ॥ ਕਿ ਸਾਹਿਬ ਕਿਰਾਂ॥ ਕਿ ਨਰਕੰ ਪ੍ਰਣਾਸ॥ ਬਹਿਸਤੁਲ ਨਿਵਾਸ॥155॥ ਕਿ ਸਰਬੁਲ ਗਵੰਨ॥ ਹਮੇਸੁਲ ਰਵੰਨ॥ ਤਮਾਮੁਲ ਤਮੀਜ਼॥ ਸਮਸਤੁਲ ਅਜ਼ੀਜ਼॥156॥ ਪਰੰ ਪਰਮ ਈਸ॥ ਸਮਸਤੁਲ ਅਦੀਸ॥ ਅਦੇਸੁਲ ਅਲੇਖ॥ ਹਮੇਸੁਲ ਅਭੇਖ॥157॥ ਜ਼ਮੀਨੁਲ ਜ਼ਮਾ॥ ਅਮੀਕੁਲ ਇਮਾਂ॥ ਕਰੀਮੁਲ ਕਮਾਲ॥ ਕਿ ਜੁਰਅਤਿ ਜਮਾਲ॥158॥ ਕਿ ਅਚਲੰ ਪ੍ਰਕਾਸ॥ ਕਿ ਅਮਿਤੋ ਸੁਬਾਸ॥ ਕਿ ਅਜਬ ਸਰੂਪ॥ ਕਿ ਅਮਿਤੋ ਬਿਭੂਤ॥159॥ ਕਿ ਅਮਿਤੋ ਪਸਾ॥ ਕਿ ਆਤਮ ਪ੍ਰਭਾ॥ ਕਿ ਅਚਲੰ ਅਨੰਗ॥ ਕਿ ਅਮਿਤੋ ਅਭੰਗ॥160॥

ਹਰਿਬੋਲਮਨਾ ਛੰਦ:

ਕਰੁਣਾਲਯ॥ ਅਰਿ ਘਾਲਯ॥ ਖਲ ਖੰਡਨ॥ ਮਹਿ ਮੰਡਨ॥171॥

ਜਗਤੇਸ੍ਵਰ॥ ਪਰਮੇਸ੍ਵਰ॥ ਕਲਿ ਕਾਰਨ॥ ਸਰਬ ਉਬਾਰਣ॥172॥ ਧ੍ਰਿਤ ਕੇ ਧ੍ਰਨ॥ ਜਗ ਕੇ ਧ੍ਰਤ ਕ੍ਰਨ॥ ਮਨ ਮਾਨਿਯ॥ ਜਗ ਜਾਨਿਯ॥173॥ ਸਰਬੰ ਭਰ॥ ਸਰਬੰ ਕਰ॥ ਸਰਬ ਪਾਸਿਯ॥ ਸਰਬ ਨਾਸਿਯ॥174॥ ਕਰੁਣਾਕਰ॥ ਬਿਸ੍ਵੰਭਰ॥ ਸਰਬੇਸ੍ਵਰ॥ ਜਗਤੇਸ੍ਵਰ॥175॥ ਬ੍ਰਹਮੰਡਸ॥ ਖਲ ਖੰਡਸ॥ ਪਰ ਤੇ ਪਰ॥ ਕਰੁਣਾਕਰ॥176॥ ਅਜਪਾ ਜਪ॥ ਅਥਪਾ ਥਪ॥ ਅਕ੍ਰਿਤਾ ਕ੍ਰਿਤ॥ ਅਮ੍ਰਿਤਾ ਮ੍ਰਿਤ॥177॥ ਅੰਮ੍ਰਿਤਾ ਮ੍ਰਿਤ॥ ਕਰਣਾ ਕ੍ਰਿਤ॥ ਅਕ੍ਰਿਤਾ ਕ੍ਰਿਤ॥ ਧਰਣੀ ਧ੍ਰਿਤ॥178॥ ਅਮ੍ਰਿਤੇਸ੍ਵਰ॥ ਪਰਮੇਸ੍ਵਰ ਹੈ॥ ਅਕ੍ਰਿਤਾ ਕ੍ਰਿਤ॥ ਅਮ੍ਰਿਤਾ ਮ੍ਰਿਤ॥179॥ ਅਜਬਾ ਕ੍ਰਿਤ॥ ਅਮ੍ਰਿਤਾ ਮ੍ਰਿਤ॥ ਨਰ ਨਾਇਕ॥ ਖਲ ਘਾਇਕ॥180॥ ਬਿਸ੍ਵੰਭਰ॥ ਕਰੁਣਾਲਯ॥ ਨ੍ਰਿਪ ਨਾਇਕ॥ ਸਰਬ ਪਾਇਕ॥181॥ ਭਵ ਭੰਜਨ॥ ਅਰਿ ਗੰਜਨ॥ ਰਿਪੁ ਤਾਪਨ॥ ਜਪੁ ਜਾਪਨ॥182॥ ਅਕਲੰ ਕ੍ਰਿਤ॥ ਸਰਬਾ ਕ੍ਰਿਤ॥ ਕਰਤਾ ਕਰ॥ ਹਰਤਾ ਹਰਿ॥183॥ ਪਰਮਾਤਮ॥ ਸਰਬਾਤਮ॥ ਆਤਮ ਬਸ॥ ਜਸ ਕੇ ਜਸ॥184॥

ਕਿ (*ਜੋ ਹੈ*)

ਹੇਠਾਂ ਦਿੱਤੀ ਹਰ ਤੁਕ ਤੋਂ ਪਹਿਲਾਂ 'ਕਿ' ਪੜ੍ਹਨ ਦੀ ਲੋੜ ਹੈ। ਜਿਵੇਂ 'ਆਛਿੱਜ ਦੇਸੈ' ਨੂੰ 'ਕਿ ਆਛਿੱਜ ਦੇਸੈ' ਪੜ੍ਹਨਾ ਹੈ, ਜਿਸ ਦਾ ਅਰਥ ਹੈ- ਹੇ ਪ੍ਰਭੂ! ਤੇਰਾ ਦੇਸ ਜਾਂ ਸਥਾਨ ਪੁਰਾਣਾ ਜਾਂ ਨਾਸ ਹੋਣ ਵਾਲਾ ਨਹੀਂ।

ਭਗਵਤੀ ਛੰਦ:

ਆਛਿੱਜ ਦੇਸੈ॥ ਆਭਿੱਜ ਭੇਸੈ॥ ਆਗੰਜ ਕਰਮੈ॥ ਆਭੰਜ ਭਰਮੈ॥103॥ ਆਭਿਜ ਲੋਕੈ॥ ਆਦਿਤ ਸੋਕੈ॥ ਅਵਧੂਤ ਬਰਨੈ॥ ਬਿਭੂਤ ਕਰਨੈ॥104॥ ਰਾਜੰ ਪ੍ਰਭਾ ਹੈਂ॥ ਧਰਮੰ ਧੁਜਾ ਹੈਂ॥ ਆਸੋਕ ਬਰਨੈ॥ ਸਰਬਾ ਅਭਰਨੈ॥105॥

ਜਗਤੰ ਕ੍ਰਿਤੀ ਹੈਂ॥ ਛਤ੍ਰੰ ਛਤ੍ਰੀ ਹੈਂ॥ ਬ੍ਰਹਮੰ ਸਰੂਪੈ॥ ਅਨਭਉ ਅਨੂਪੈ॥106॥ ਆਦ ਅਦੇਵ ਹੈਂ॥ ਆਪ ਅਭੇਵ ਹੈਂ॥ ਚਿੱਤ੍ਰੰ ਬਿਹੀਨੈ॥ ਏਕੈ ਅਧੀਨੈ॥107॥ ਰੋਜ਼ੀ ਰਜ਼ਾਕੈ॥ ਰਹੀਮੈ ਰਿਹਾਕੈ॥ ਪਾਕ ਬਿਐਬ ਹੈਂ॥ ਗੈਬੁਲ ਗੈਬ ਹੈਂ॥108॥ ਅਫਵੂਲ ਗੁਨਾਹ ਹੈਂ॥ ਸ਼ਾਹਾਨ ਸ਼ਾਹ ਹੈਂ॥ ਕਾਰਨ ਕੁਨਿੰਦ ਹੈਂ॥ ਰੋਜ਼ੀ ਦਿਹੰਦ ਹੈਂ॥109॥ ਰਾਜ਼ਕ ਰਹੀਮ ਹੈਂ॥ ਕਰਮੰ ਕਰੀਮ ਹੈਂ॥ ਸਰਬੰ ਕਲੀ ਹੈਂ॥ ਸਰਬੰ ਦਲੀ ਹੈਂ॥110॥ ਸਰਬੰ ਕਲੀਮੈ॥ ਪਰਮੰ ਫ਼ਹੀਮੈ॥ ਆਕਲ ਅਲਾਮੈ॥ ਸਾਹਿਬ ਕਲਾਮੈ॥120॥ ਹੁਸਨਲ ਵਜੂ ਹੈਂ॥ ਤਮਾਮੁਲ ਰੁਜੂ ਹੈਂ॥ ਹਮੇਸੁਲ ਸਲਾਮੈਂ॥ ਸਲੀਖਤ ਮੁਦਾਮੈਂ॥121॥

ਸਰਬੰ (*ਸਭ ਨੂੰ ਜਾਂ ਸਭ ਦਾ*)

ਹੇਠਲੇ ਹਰ ਸ਼ਬਦ ਤੋਂ ਪਹਿਲਾਂ 'ਸਰਬੰ' ਪੜ੍ਹਨ ਦੀ ਲੋੜ ਹੈ। ਜਿਵੇਂ 'ਦਾਤਾ' ਨੂੰ 'ਸਰਬੰ ਦਾਤਾ' ਪੜ੍ਹਨਾ ਹੈ, ਜਿਸ ਦਾ ਅਰਥ ਹੈ- ਹੇ ਪ੍ਰਭੂ! ਤੂੰ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ।

ਚਰਪਟ ਚੰਦ: ਦਾਤਾ॥ ਗਯਾਤਾ॥ ਭਾਨੇ॥ ਮਾਨੇ॥76॥ ਪ੍ਰਾਣੰ॥ ਤ੍ਰਾਣੰ॥ ਭੁਗਤਾ॥ ਜੁਗਤਾ॥77॥ ਦੇਵੰ॥ ਭੇਵੰ॥ ਕਾਲੇ॥ ਪਾਲੇ॥78॥ ਹੰਤਾ॥ ਗੰਤਾ॥ ਖਿਆਤਾ॥ਗਯਾਤਾ॥142॥ ਹਰਤਾ॥ ਕਰਤਾ॥ ਪ੍ਰਾਣੰ॥ ਤ੍ਰਾਣੰ॥143॥ ਕਰਮੰ॥ ਧਰਮੰ॥ ਜੁਗਤਾ॥ ਮੁਕਤਾ॥144॥

ਕਿ ਸਰਬਤ੍ਰ (*ਹਰ ਥਾਂ*)

ਪ੍ਰਮਾਤਮਾ ਨੂੰ 'ਸਭ ਥਾਂ ਤੇ ਹੋਣ ਵਾਲਾ ਜਾਂ ਕਰਨ ਵਾਲਾ' ਕਹਿ ਕੇ ਵਡਿਆਇਆ ਹੈ।

ਹੇਠਲੇ ਹਰ ਸ਼ਬਦ ਤੋਂ ਪਹਿਲਾਂ 'ਕਿ ਸਰਬਤ੍ਰ' ਪੜ੍ਹਨ ਦੀ ਲੋੜ ਹੈ। ਜਿਵੇਂ 'ਮਾਨਿਯੈਂ' ਨੂੰ 'ਕਿ ਸਰਬਤ੍ਰ ਮਾਨਿਯੈਂ' ਪੜ੍ਹਨਾ ਹੈ, ਜਿਸ ਦਾ ਅਰਥ ਹੈ- ਹੇ ਪ੍ਰਭੂ! ਤੇਰੀ ਮਾਨਤਾ ਤੇ ਸ਼ਰਧਾ-ਭਗਤੀ ਹਰ ਥਾਂ ਤੇ ਹੋ ਰਹੀ ਹੈ।

ਭਗਵਤੀ ਛੰਦ:

ਮਾਨਿਯੈਂ॥ ਦਾਨਿਯੈ॥ ਗਉਨੈ॥ ਭਉਨੈ॥111॥ ਦੇਸੈ॥ ਭੇਸੈ॥ ਰਾਜੈ॥ ਸਾਜੈ॥112॥ ਦੀਨੈ॥ ਲੀਨੈ ॥ ਜਾਹੋ॥ ਭਾਹੋ॥113॥ ਦੇਸੈ॥ ਭੇਸੈ॥ ਕਾਲੈ॥ ਪਾਲੈ॥114॥ ਹੰਤਾ॥ ਗੰਤਾ॥ ਭੇਖੀ॥ ਪੇਖੀ॥115॥ ਕਾਜੈ॥ ਰਾਜੈ॥ ਸੋਖੈ॥ ਪੋਖੈ॥116॥ ਤ੍ਰਾਣੈ॥ ਪ੍ਰਾਣੈ॥॥ ਦੇਸੈ ॥ ਭੇਸੈ॥117॥ ਮਾਨਿਯੈ॥ ਪ੍ਰਧਾਨਿਯੈ॥ ਜਾਪਿਯੈ॥ ਥਾਪਿਯੈ॥118॥ ਭਾਨੈ॥ ਮਾਨੈ॥ ਇੰਦ੍ਰੈ॥ ਚੰਦ੍ਰੈ॥119॥

ਚੱਤ੍ਰ ਚੱਕ੍ਰ (*ਚਹੁੰ ਦਿਸ਼ਾਵਾਂ ਵਿੱਚ*)

ਅਕਾਲ ਪੁਰਖ ਨੂੰ 'ਚੌਹਾਂ ਦਿਸ਼ਾਵਾਂ ਵਿੱਚ ਮੌਜੂਦ ਤੇ ਕਰਨ ਵਾਲਾ' ਕਹਿ ਕੇ ਵਡਿਆਇਆ ਹੈ।

ਹੇਠਾਂ ਦਿੱਤੇ ਹਰ ਸ਼ਬਦ ਤੋਂ ਪਹਿਲਾਂ 'ਚੱਤ੍ਰ ਚੱਕ੍ਰ' ਪੜ੍ਹਨ ਦੀ ਲੋੜ ਹੈ। ਜਿਵੇਂ 'ਕਰਤਾ' ਨੂੰ 'ਚੱਤ੍ਰ ਚੱਕ੍ਰ ਕਰਤਾ' ਪੜ੍ਹਨਾ ਹੈ, ਜਿਸ ਦਾ ਅਰਥ ਹੈ- ਹੇ ਪ੍ਰਭੂ! ਤੂੰ ਚਾਰੇ ਦਿਸ਼ਾਵਾਂ ਦੇ ਜੀਵਾਂ ਨੂੰ ਪੈਦਾ ਕਰਨ ਵਾਲਾ ਹੈਂ।

ਭੁਜੰਗ ਪ੍ਰਯਾਤ ਛੰਦ:

ਕਰਤਾ॥ ਹਰਤਾ॥ ਦਾਨੇ॥ ਜਾਨੇ॥96॥ ਵਰਤੀ॥ ਭਰਤੀ॥ ਪਾਲੇ॥ ਕਾਲੇ॥97॥ ਪਾਸੇ॥ ਵਾਸੇ॥ ਮਾਨਯੈ॥ ਦਾਨਯੈ॥98॥

ਨ (ਨਹੀਂ)

ਹੇਠਾਂ ਦਿੱਤੇ ਹਰੇਕ ਸ਼ਬਦ ਤੋਂ ਪਹਿਲਾਂ 'ਨ' ਪੜ੍ਹਨ ਦੀ ਲੋੜ ਹੈ, ਜਿਵੇਂ 'ਸੱਤ੍ਰੈ' ਨੂੰ 'ਨ ਸੱਤ੍ਰੈ' ਪੜ੍ਹਨਾ ਹੈ, ਜਿਸ ਦਾ ਅਰਥ ਹੈ- ਹੇ ਪ੍ਰਭੂ! ਤੇਰਾ ਕੋਈ ਵੈਰੀ ਨਹੀਂ ਹੈ।

ਚਾਚਰੀ ਛੰਦ:

ਸੱਤ੍ਰੈ॥ ਮਿੱਤ੍ਰੈ॥ ਭਰਮੰ॥ ਭਿੱਤ੍ਰੈ॥99॥ ਕਰਮੰ॥ ਕਾਏ॥ ਅਜਨਮੰ॥ ਅਜਾਏ॥100॥ ਚਿੱਤ੍ਰੈ॥ ਮਿੱਤ੍ਰੈ॥101॥

ਰਸਾਵਲ ਛੰਦ:

ਪੋਤ੍ਰੈ, ਪੁੱਤ੍ਰੈ॥ ਸੱਤ੍ਰੈ, ਮਿਤ੍ਰੈ॥ ਤਾਤੈ, ਮਾਤੈ॥ ਜਾਤੈ, ਪਾਤੈ॥148॥

ਨੋਟ:

ਇਸ ਲੇਖ ਦਾ ਭਾਗ-3 ਅਗਲੇ ਅੰਕ ਵਿਚ ਪੜ੍ਹੋ ਜੀ।

Transforming Sikh Spirituality with AI : Opportunities and Challenges

Dr. Devinder Pal Singh (Canada) and Dr. Bhai Harbans Lal (USA)

The rapid advancement of Artificial Intelligence (AI) is reshaping numerous aspects of human life, including healthcare, education, and entertainment. In Spirituality and religion, AI holds transformative potential. Like printing press and digital platforms, AI revolutionized dissemination of religious teachings in new ways to enhance engagement.

This article explores the intersection of AI, spirituality, and Sikhism, focusing on the opportunities, challenges, and ethical considerations involved.

AI in Contemporary Spirituality

Religious leaders and communities across traditions are leveraging AI to enrich spiritual experiences. Innovations such as Rabbi Josh Fixler's "Rabbi Bot" provide sermons, answer theological queries, and offer spiritual counselling. Christian pastors use AI to streamline services, engage youngsters, and address complex questions. While these advancements are promising, they raise critical ethical and theological issues.

Can AI genuinely embody divine wisdom, or does it merely mimic human interpretations? Furthermore, the risk of AI "hallucinations"—generating inaccurate or misleading content—poses significant challenges, particularly in faith contexts where doctrinal accuracy is essential.

Sikhism and Technology

Sikhism, founded by Guru Nanak Dev Ji in the 15th century. He emphasized equality, selfless service, and spiritual enlightenment. Guru Granth Sahib Ji, the eternal Sikh scripture, is a repository of divine wisdom and spiritual guidance of the Sikh Gururs and other Saints.

Historically, Sikhism has embraced technology to spread its teachings, from printed scriptures to digital platforms broadcasting Gurbani (sacred hymns) globally.

AI introduces new possibilities for Sikh spirituality, enabling innovative approaches to preserving, interpreting, and sharing *Gurbani*. For instance, AI-powered algorithms can assist in translating and contextualizing Gurbani for diverse audiences. Real-time translation systems could make the teachings of the Guru Granth Sahib accessible to non-Punjabi speakers, fostering inclusivity and interfaith dialogue.

Transformative Applications of AI in Sikh Practices

AI can analyze and categorize Gurbani, aiding scholars and practitioners. Digital archives powered by AI ensure the longevity and integrity of sacred texts. Guru Granth Sahib incorporates Punjabi, Sanskrit, Persian, and Braj. AI-driven tools can bridge linguistic gaps, allowing global audiences to engage with Sikh teachings and reconnect diaspora with their heritage. They create global sangats, facilitating participation in kirtan (devotional singing) and discussions.

These platforms can personalize spiritual content and foster meaningful connections. AI can optimize seva (selfless service) initiatives.

These include *langars* (community kitchens) or disaster relief. Predictive analytics can improve resource allocation, ensuring aid reaches those in need. AI can enhance Sikh education through interactive modules, including virtual reality (VR) experiences of historical sites and AI tutors teaching Punjabi and Sikh history.

Ethical and Theological Considerations

Integrating AI into Sikh practices raises questions about its alignment with Sikh principles, such as submission to divine will (*Hukam*). AI's role must complement, not overshadow, spiritual traditions. Ensuring doctrinal accuracy is critical, requiring collaboration with knowledgeable Sikh scholars.

Authenticity and sanctity must be preserved, especially when AI tools interpret *Gurbani*. Ethical guidelines and oversight by Sikh institutions are essential to maintain these standards.

As Sikhism embraces AI, balancing technological innovation with spiritual tradition is crucial. AI-generated translations should enhance, not replace, the experience of reciting and contemplating *Gurbani*. Similarly, while virtual *sangats* connect global communities, they cannot replicate the spiritual ambiance of a Gurdwara.

The Path Forward

AI offers exciting possibilities for Sikhism, from personalized spiritual assistants to immersive VR experiences of Sikh landmarks. However, realizing this potential requires careful planning, collaboration, and ethical oversight. Sikh institutions must actively shape AI's development to align with the faith's values and principles.

By thoughtfully integrating AI, Sikh communities can deepen spiritual engagement, foster inclusivity, and advance their mission of service and equality. AI should remain a tool for enhancing understanding, compassion, and collective growth, ensuring Sikhism thrives as a timeless tradition in the modern world.

About the Authors :

Dr. Devinder Pal Singh is Director, Center for Understanding Sikhism, Mississauga, Ontario, Canada.

Web :

https://philpeople.org/profiles/devinder-pal-singh

https://c4usikhism.com

E-mail *: c4usikhism@gmail.com*

Dr. Bhai Harbans Lal, PhD; D.Litt. (Hons) is Professor Emeritus and Chairman, the Department of Pharmacology & Neurosciences, University of North Texas Health Science Research Center. He is Professor Emeritus, at Guru Nanak Dev University and President of the Academy of Guru Granth Studies.

Web:

https://seekingwisdomblog.wordpress.com

E-mail: *Japji2050@gmail.com*

ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ : ਭਾਗ-5
ਡਾ. ਸਰਦਾਰ ਦਿਲਬਾਗ ਸਿੰਘ ਅਠਵਾਲ (12 ਅਕਤੂਬਰ 1928 – 14 ਮਈ 2017)
ਦੇਸ਼ ਨੂੰ ਭੁਖਮਰੀ ਤੋਂ ਬਚਾਉਣ ਵਾਲਾ

ਡਾ. ਅਠਵਾਲ ਨੇ 1948 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਬੀ.ਐਸ.ਸੀ. (ਐਗਰੀਕਲਚਰ) ਦੀ ਸਿਖਿਆ ਲੈ ਕੇ ਪੰਜਾਬ ਖੇਤੀਬਾੜੀ ਮਹਿਕਮੇਂ ਵਿਚ ਬਾਜਰੇ ਦੀ ਪ੍ਰਜਨਨ (breeding) ਦਾ ਕੰਮ ਸ਼ੁਰੂ ਕੀਤਾ। ਫਿਰ 1955 ਵਿਚ ਵਜੀਫਾ ਲੈ ਕੇ ਸਿਡਨੀ ਯੂਨੀਵਰਸਿਟੀ ਤੋਂ ਪੀ.ਐਚ.ਡੀ. (ਜੈਨੇਟਿਕਸ ਤੇ ਪਲਾਂਟ ਬਰੀਡਿੰਗ) ਦੀ ਡਿਗ੍ਰੀ ਲਈ। ਵਾਪਸ ਆ ਕੇ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਫਸਲ ਪ੍ਰਜਨਨ ਵਿਭਾਗ ਵਿਚ ਪ੍ਰੋਫੈਸਰਂ ਅਤੇ ਮੁਖੀ ਰਹੇ। ਇਥੇ ਉਨ੍ਹਾਂ ਨੇ ਹਾਈਬ੍ਰਿਡ ਬਾਜਰਾ (HB 1) ਦੀ ਕਿਸਮ ਦਾ ਪ੍ਰਜਨਨ ਕੀਤਾ। ਜਿਸ ਨਾਲ ਭਾਰਤ ਵਿੱਚ ਬਾਜਰੇ ਦੀ ਉਪਜ 1965 ਵਿੱਚ 3.5 ਮਿਲੀਅਨ ਟਨ ਤੋਂ ਵਧ ਕੇ 1970 ਵਿੱਚ 8 ਮਿਲੀਅਨ ਟਨ ਹੋ ਗਈ।

ਡਾ. ਅਠਵਾਲ ਨੂੰ ਕਣਕ ਦੀਆਂ ਸੋਧੀਆਂ ਕਿਸਮਾਂ ਦੇ ਪ੍ਰਜਨਨ ਵਿੱਚ ਆਪਣੇ ਮੋਹਰੀ ਕੰਮ ਲਈ ਦੇਸ਼ ਨੂੰ ਭੁਖਮਰੀ ਤੋਂ ਬਚਾਉਣ ਵਾਲੇ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਸ ਵੇਲੇ ਪੰਜਾਬ ਵਿਚ ਪ੍ਰਚਲਤ ਕਣਕ ਦੀਆਂ ਕਿਸਮਾਂ ਦਾ ਝਾੜ ਘੱਟ ਸੀ। ਨੋਬੈਲ ਪੁਰਸਕਾਰ ਜੇਤੂ, ਡਾ. ਨੌਰਮਨ ਬੋਰਲੌਗ, ਦੀ ਮਦਦ ਨਾਲ ਡਾ. ਅਠਵਾਲ ਨੇ 1967 ਵਿਚ ਲਰਮਾ ਰਾਜੋ 64 ਤੇ ਪੀ.ਵੀ. 18 (ਉੱਚ ਉਪਜ ਪਰ ਲਾਲ-ਦਾਣੇ) ਦੀਆਂ ਕਿਸਮਾਂ ਦੇ ਬੀਜਾਂ ਨੂੰ ਰਲਾ ਕੇ ਵੱਧ ਝਾੜ ਤੇ ਉਤਮ, ਭੂਰੇ ਦਾਣਿਆਂ ਵਾਲੀ ਕਿਸਮ ਬਣਾਈ।

ਇਸ ਦਾ ਨਾਮ ਡਾ. ਅਠਵਾਲ ਦੇ ਜਲੰਧਰ ਵਿਚ ਜੱਦੀ ਪਿੰਡ ਦੇ ਨਾਮ ਤੇ ਕਲਿਆਣ 227 ਰੱਖਿਆ ਗਿਆ। "ਕਲਿਆਣ ਸੋਨਾ" ਵਜੋਂ ਜਾਂਣੀ ਜਾਂਦੀ, ਇਸ ਕਿਸਮ ਨੂੰ ਕਿਸਾਨਾਂ ਨੇਂ ਛੇਤੀ ਅਪਣਾਇਆ, ਜਿਸ ਨਾਲ ਉਤਪਾਦਨ ਵੱਡੇ ਪੱਧਰ 'ਤੇ ਵਧਿਆ ਅਤੇ 1970 ਦੇ ਦਹਾਕੇ ਵਿੱਚ ਭਾਰਤ ਕਣਕ ਲਈ ਆਤਮ-ਨਿਰਭਰ ਹੋਇਆ।

1967 ਵਿੱਚ, ਉਨ੍ਹਾਂ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (IRRI) ਦੇ ਸਹਾਇਕ ਨਿਰਦੇਸ਼ਕ ਵਜੋਂ ਅਹੁਦਾ ਸਵੀਕਾਰ ਕੀਤਾ। ਬਾਅਦ ਵਿੱਚ ਉਹ ਇਸ ਦੇ ਪਹਿਲੇ ਡਿਪਟੀ ਡਾਇਰੈਕਟਰ ਜਨਰਲ ਬਣੇ। ਇਥੇ ਉਨ੍ਹਾਂ ਚੌਲਾਂ ਦੀ ਨਵੀਂ ਕਿਸਮਾ (IR8, IR20, IR22, IR24, IR26) ਤਿਆਰ ਕੀਤੀਆਂ ਜੋ ਬਿਮਾਰੀ ਰੋਧਕ, ਖਾਦਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ, ਅਤੇ ਵੱਧ ਉਪਜ ਵਾਲੀਆਂ ਸੀ, ਜਿਨ੍ਹਾਂ ਨਾਲ ਚੌਲਾਂ ਦੀ ਉਪਜ ਵਿਚ ਇਨਕਲਾਬੀ ਵਾਧਾ ਹੋਇਆ।

ਸਨ 1977 ਵਿੱਚ ਸੇਵਾ ਮੁਕਤ ਹੋਣ ਬਾਅਦ ਵੀ ਉਹ ਅੰਤਰਰਾਸ਼ਟਰੀ ਖੇਤੀਬਾੜੀ ਵਿਕਾਸ ਸੇਵਾਵਾਂ ਵਿੱਚ ਕੰਮ ਕਰਦੇ ਰਹੇ। ਉਨ੍ਹਾਂ ਨੂੰ 1955 ਵਿੱਚ ਸਿਡਨੀ ਯੂਨੀਵਰਸਿਟੀ ਤੋਂ D.Sc. ਦੀ ਡਿਗਰੀ ਮਿਲੀ। ਇਸ ਤੋਂ ਇਲਾਵਾ, ਭਾਰਤ ਸਰਕਾਰ ਵਲੋਂ ਸ਼ਾਂਤੀ ਸਵਰੂਪ ਭਟਨਾਗਰ ਪੁਰਸਕਾਰ ਅਤੇ 1975 ਵਿੱਚ ਪਦਮ ਭੂਸ਼ਣ ਦੇ ਸਨਮਾਨ ਮਿਲੇ।

ਲਿਖਤ – ਡਾ. ਸਰਦਾਰ *ਕਾਬਲ ਸਿੰਘ, ਐਡਮਿੰਟਨ (ਕੈਨੇਡਾ)*

ਬਸੰਤ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਵਟਸਐਪ: +1 403 404 1450

ਕੁਦਰਤ ਰਾਣੀ ਨੇ ਧਰਤ ਦੀ ਹਿੱਕ ਉੱਤੇ,
ਕਿਹਾ ਸੁਹਣਾ ਪਸਾਰ ਪਸਾਰਿਆ ਏ।

ਹਰਿਆ ਭਰਿਆ ਲਿਬਾਸ ਪਹਿਨਾ ਕੇ ਤੇ,
ਸੋਨੇ ਰੰਗਾਂ ਦੇ ਨਾਲ ਸ਼ਿੰਗਾਰਿਆ ਏ।

ਭੌਰੇ ਤਿਤਲੀਆਂ ਕਰਨ ਕਲੋਲ ਸਾਰੇ,
ਕਾਇਨਾਤ ਨੂੰ ਮਸਤ ਬਣਾਈ ਜਾਂਦੇ।

ਕੋਇਲਾਂ ਘੁੱਗੀਆਂ ਸੁਰਾਂ 'ਚ ਗੀਤ ਗਾ ਕੇ,
ਸਾਰੀ ਸ੍ਰਿਸ਼ਟੀ ਤਾਈਂ ਨਸ਼ਿਆਈ ਜਾਂਦੇ।

ਅਜੇ ਗਰਮੀ ਨਹੀਂ ਆਣ ਬਰੂਹਾਂ ਟੱਪੀ,
ਸਰਦੀ ਜਾਣ ਦੇ ਆਹਰ ਹੈ ਕਰਨ ਲੱਗੀ।

ਰਾਣੀ ਰੁੱਤ ਬਸੰਤ ਹੈ ਸਾਰੀਆਂ ਦੀ,
ਪੌਣਾਂ ਵਿੱਚ ਸੁਗੰਧੀਆਂ ਭਰਨ ਲੱਗੀ।

ਇਸ ਰੁੱਤ 'ਚ ਇਸ਼ਟ ਨੂੰ ਯਾਦ ਕਰਕੇ,
ਰੂਹਾਂ ਵਿੱਚ ਬਸੰਤ ਖਿੜਾ ਲਈਏ।

ਜ਼ਰੇ ਜ਼ਰੇ 'ਚ ਵੱਸਦਾ ਨੂਰ ਜਿਸਦਾ,
'ਦੀਸ਼' ਓਸ ਨੂੰ ਸੀਸ ਝੁਕਾ ਲਈਏ।

(ਪੁਸਤਕ - ਹਰਫ਼ ਯਾਦਾਂ ਦੇ)

ਕਲਜੁਗਿ ਰਥੁ ਅਗਨਿ ਕਾ

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਬ੍ਰਹਿਮੰਡ ਦੇ ਸਮੇ ਨੂੰ ਆਮ ਤੌਰ ਤੇ ਚਾਰ ਜੁਗਾਂ ਦੇ ਇੱਕ ਚੱਕਰ (Universal Cycle of Time) ਦੇ ਰੂਪ ਵਿਚ ਵੰਡਿਆ ਜਾਂਦਾ ਸੀ। ਪਹਿਲੇ ਆਦਰਸ਼ ਆਚਰਣ ਵਾਲਾ ਲੰਮਾ ਸਮਾ, ਸਤਿਜੁਗ, ਫਿਰ ਅਗਲੇ ਦੋ ਛੋਟੇ ਜੁਗਾਂ, ਤ੍ਰੇਤਾ ਅਤੇ ਦਵਾਪਰ, ਵਿਚ ਮਨੁੱਖੀ ਜੀਵਨ ਵਿਚ ਇਖਲਾਕੀ ਗਿਰਾਵਟ ਮੰਨੀ ਜਾਂਦੀ ਰਹੀ ਹੈ। ਅੰਤ ਵਿਚ ਸਭ ਤੋਂ ਛੋਟੇ ਤੇ ਚੌਥੇ ਜੁਗ, ਕਲਿਜੁਗ, ਵਿਚ ਸਭ ਤੋਂ ਵਧ ਬੁਰਾਈ ਦਾ ਸਮਾ ਦੱਸਿਆ ਹੈ। ਭੱਟਾਂ ਅਨੁਸਾਰ ਇਨ੍ਹਾਂ ਜੁਗਾਂ ਨਾਲ ਕਈ ਅਵਤਾਰਾਂ ਨੂੰ ਜੋੜਿਆ ਜਾਂਦਾ ਸੀ। ਪਰ ਕਲਿਜੁਗ ਵਿਚ ਮਨੁੱਖ ਨੂੰ ਗਿਆਨ ਦੇਣ ਲਈ ਗੁਰੂ ਸਾਹਿਬਾਨ ਹੀ ਆਏ।

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥(1390)

ਗੁਰੂ ਅੰਗਦ ਸਾਹਿਬ ਕਲਿਜੁਗ ਬਾਰੇ ਕਹਿੰਦੇ ਹਨ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ
ਨਿਆਉ॥ (1288)

ਕਰੋੜਾਂ ਬ੍ਰਹਿਮੰਡ ਕਈ ਵਾਰ ਹੋਂਦ ਵਿਚ ਆਏ : ਕਈ ਕੋਟਿ ਅਕਾਸ ਬ੍ਰਹਮੰਡ ॥ … ਕਈ ਬਾਰ ਪਸਰਿਓ ਪਾਸਾਰ॥(276)

ਵਿਗਿਆਨਕ ਅਨੁਸਾਰ ਵੀ ਕਈ ਬ੍ਰਹਿਮੰਡ (Multiverse) ਹੋਂਦ ਵਿਚ ਆਏ ਅਤੇ ਆਉਂਦੇ ਰਹਿਣਗੇ। ਇਨ੍ਹਾਂ ਦੇ ਸਮੇ ਦਾ ਅੰਦਾਜ਼ਾ ਨਹੀਂ ਲਗ ਸਕਦਾ। ਗੁਰੂ ਨਾਨਕ ਸਾਹਿਬ ਜੀਵਨ ਦੀਆਂ ਚਾਰ ਅਵਸਥਾਵਾਂ ਦੱਸਦੇ ਹਨ। ਜੀਵਨ ਇੱਕ ਰਥ ਵਾਂਗ ਹੈ ਜਿਸ ਦਾ ਇੱਕ ਰਥਵਾਹ (ਚਾਲਕ) ਹੈ। ਜਦੋਂ ਮਨ-ਰੂਪੀ ਰਥ 'ਸੰਤੋਖ' ਵਾਲਾ ਅਤੇ ਜੀਵਨ ਦਾ ਰਥਵਾਹ 'ਧਰਮ' ਹੋਵੇ ਤਾਂ ਮਨੁੱਖ ਦਾ ਸਮਾ ਸਤਿਜੁਗੀ ਹੈ। ਤ੍ਰੇਤਾ ਉਹ ਸਮਾ ਹੈ ਜਦੋਂ ਮਨੁੱਖ 'ਜੋਰ' ਨਾਲ ਜੀਵਨ ਵਿਚ 'ਜਤ ਚਾਹੁੰਦਾ ਹੈ। 'ਸਤ' ਨਾਲ 'ਤਪੱਸਿਆ' ਕਰਨਾ ਤੀਸਰਾ ਸਮਾ, ਦੁਆਪਰ ਹੈ। ਕਲਿਜੁਗ ਉਹ ਸਮਾ ਹੈ ਜਦੋਂ ਮਨੁੱਖ ਤ੍ਰਿਸ਼ਨਾਵਾਂ ਦੀ 'ਅੱਗ' ਵਿਚ ਸੜਦਾ ਹੈ। ਤ੍ਰਿਸ਼ਨਾਵਾਂ ਦੀ ਪੂਰਤੀ ਲਈ 'ਕੂੜ-ਰੂਪੀ' ਰਥਵਾਹ (ਝੂਠ) ਦਾ ਸਹਾਰਾ ਲੈਂਦਾ ਹੈ।(470)

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥

ਗੁਰੂ ਸਾਹਿਬ ਕਲਿਜੁਗੀ ਮਾਨਸਿਕਤਾ ਵਾਲੇ ਰਾਜਿਆਂ ਨੂੰ ਅਨਿਆਂਈ, ਕਸਾਈ ਦੱਸਦੇ ਹਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥(145)

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮ ਨ ਹੋਇ॥(429)

ਗੁਰਮੁਖਾਂ ਲਈ ਹਰੇਕ ਸਮਾ ਸਤਿਜੁਗ ਹੈ। ਉਹ ਇੱਕ ਪਰਮਾਤਮਾ ਤੋਂ ਬਿਨਾ ਕਿਸੇ ਦਾ ਆਸਰਾ ਨਹੀਂ ਲੱਭਦੇ, ਦੁਬਿਧਾ ਵਿਚ ਨਹੀਂ ਪੈਂਦੇ ਅਤੇ ਨਾ ਹੀ ਕਰਮ-ਕਾਂਡਾਂ ਵਿਚ ਭਟਕਦੇ ਹਨ।

ਗੁਰੂ ਅਮਰਦਾਸ ਸਾਹਿਬ ਦੱਸਦੇ ਹਨ ਕਿ ਸੱਚ ਦਾ ਜੀਵਨ ਹੀ ਸਤਿਜੁਗ ਹੈ। ਗੁਰਮੁਖ ਪ੍ਰਭੂ ਭਗਤੀ ਦਵਾਰਾ ਸੰਸਾਰ ਦੀਆਂ ਬੁਰਾਈਆਂ ਤੋਂ ਮੁਕਤ ਹੋ ਕੇ ਵਡਿਆਈ ਪਾਉਂਦੇ ਹਨ। ਉਨ੍ਹਾਂ ਦੇ ਜੀਵਨ ਵਿਚ ਟਿਕਾਅ ਆ ਜਾਂਦਾ ਹੈ ਜਿਸ ਤਰ੍ਹਾਂ ਚਾਰ ਪਹੀਇਆਂ ਦੇ ਸਹਾਰੇ ਵਾਲਾ ਰਥ ਅਡੋਲ ਹੁੰਦਾ ਹੈ।

ਤ੍ਰੇਤਾ ਉਹ ਸਮਾ ਹੈ ਜਦੋਂ ਲੋਕ ਸੱਚੇ ਪਰਮਾਤਮਾ ਨੂੰ ਦੂਰ ਜਾਣ ਕੇ, ਝੂਠੇ ਦਿਖਾਵੇ ਅਤੇ ਪਾਖੰਡ (Hypocrisy) ਦਾ ਜੀਵਨ ਬਿਤਾ ਰਹੇ ਹੋਣ। ਧਰਮ ਤੋਂ ਦੂਰ ਹੋਣ ਨਾਲ ਉਨ੍ਹਾਂ ਦੇ ਜੀਵਨ ਦੇ ਰਥ ਦੇ ਤਿੰਨ ਪਹੀਏ ਹੀ ਰਹਿ ਜਾਂਦੇ ਹਨ। ਅਜਿਹੇ ਸਮੇ ਵਿਚ ਮਨੁੱਖ ਦੇ ਮਨ ਅੰਦਰ ਸਤਿਜੁਗੀ ਸਮੇ ਵਰਗਾ ਸੰਤੋਖ ਅਤੇ ਟਿਕਾਅ ਨਹੀਂ ਰਹਿ ਜਾਂਦੇ। ਉਸ ਵਿਚ ਅਸਾਵਾਂਪਣ ਆ ਜਾਂਦਾ ਹੈ।

ਦੁਆਪੁਰਿ ਉਹ ਸਮਾ ਹੈ ਜਦੋਂ ਲੋਕ ਪਰਮਾਤਮਾ ਨੁਮਬ ਛੱਡ ਕੇ ਦੂਜਿਆਂ ਦੇ ਮਗਰ ਲਗ ਕੇ ਦੁਚਿੱਤੀ ਜਾਂ ਦੁਬਿਧਾ (Duality) ਵਿਚ ਪੈ ਜਾਂਦੇ ਹਨ। ਉਹ ਭਰਮਾਂ-ਭੁਲੇਖਿਆਂ ਵਿਚ ਪੈ ਕੇ ਡਾਵਾਂਡੋਲ ਜੀਵਨ ਦੇ ਦੋ ਪਹੀਏ ਵਾਲੇ ਰਥ ਤੇ ਭਟਕਦੇ ਹਨ। ਇਸ ਸਮੇ ਉਨ੍ਹਾਂ ਦੇ ਜੀਵਨ ਦੇ ਰਥ ਦਾ ਇੱਕੋ ਪਹੀਆ ਬਚਦਾ ਹੈ। ਉਹ ਕਰਮ-ਕਾਂਡਾਂ ਦੇ ਵੱਸ ਹੋ ਕੇ ਵਿਅਰਥ ਦਾ ਜੀਵਨ ਜੀਂਉਦਾ ਹੈ।

ਗੁਰੂ ਸਾਹਿਬ ਦੇ ਮਨੁੱਖੀ ਜੀਵਨ ਦੀਆਂ ਇਨ੍ਹਾਂ ਅਵਸਥਾਵਾਂ ਬਾਰੇ ਇਹ ਬਚਨ ਹਨ।(880)

ਸਤਜੁਗਿ ਸਚੁ ਕਹੈ ਸਭੁ ਕੋਈ॥ ਘਰਿ ਘਰਿ ਭਗਤਿ ਗੁਰਮੁਖਿ ਹੋਈ॥ ਸਤਜੁਗਿ ਧਰਮੁ ਪੈਰ ਹੈ ਚਾਰਿ॥ ਗੁਰਮੁਖਿ ਬੂਝੈ ਕੋ ਬੀਚਾਰਿ॥ ਜੁਗ ਚਾਰੇ ਨਾਮਿ ਵਡਿਆਈ ਹੋਈ॥ ਜਿ ਨਾਮਿ ਲਾਗੈ ਸੋ ਮੁਕਤਿ ਹੋਵੈ॥ ਗੁਰ ਬਿਨੁ ਨਾਮੁ ਨ ਪਾਵੈ ਕੋਈ॥

ਤ੍ਰੇਤੈ ਇਕ ਕਲ ਕੀਨੀ ਦੂਰਿ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥ ਗੁਰਮੁਖਿ ਬੂਝੈ ਸੋਝੀ ਹੋਈ॥ ਅੰਤਰਿ ਨਾਮੁ ਵਸੈ ਸੁਖੁ ਹੋਈ॥ ਦੁਆਪੁਰਿ ਦੂਜੈ ਦੁਬਿਧਾ ਹੋਇ॥ ਭਰਮਿ ਭੁਲਾਨੇ ਜਾਣਹਿ ਦੋਇ॥ ਦੁਆਪੁਰਿ ਧਰਮਿ ਦੁਇ ਪੈਰ ਰਖਾਏ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ॥

ਕਲਜੁਗਿ ਧਰਮ ਕਲਾ ਇਕ ਰਹਾਏ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥ ਮਾਇਆ ਮੋਹੁ ਅਤਿ ਗੁਬਾਰੁ॥ ਸਤਗੁਰੁ ਭੇਟੈ ਨਾਮਿ ਉਧਾਰੁ॥

ਕਲਿਜੁਗੀ ਅਵਸਥਾ ਉਹ ਹੈ ਜਦੋਂ ਮਨੁੱਖ ਚੰਗੇ ਕੰਮਾਂ ਅਤੇ ਧਰਮ ਤੋਂ ਬੜਾ ਦੂਰ ਹੋ ਜਾਂਦਾ ਹੈ।

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥ (161)

ਗੁਰੂ ਰਾਮ ਦਾਸ ਸਾਹਿਬ ਵੀ ਦੱਸਦੇ ਹਨ ਕਿ ਭਰਮਾਂ ਨੂੰ ਤਿਆਗ ਕੇ ਗੁਰੂ ਦੇ ਰਸਤੇ ਤੇ ਚਲਦਿਆਂ, ਪ੍ਰਭੂ ਨੂੰ ਹਮੇਸ਼ਾਂ ਯਾਦ ਰੱਖੀਏ ਤਾਂ ਜੀਵਨ ਦਾ ਸਮਾ ਸਤਿਜੁਗੀ ਹੈ। ਮਨ ਵਿਚ ਸੰਤੋਖ ਅਤੇ ਟਿਕਾਅ ਆ ਜਾਂਦੇ ਹਨ। ਵਿਕਾਰਾਂ ਨੂੰ ਵਸ ਕਰ ਕੇ ਸੰਜਮੀ ਜੀਵਨ ਵਿਚ ਕਿਸੇ ਜਪ-ਤਪ ਦੀ ਲੋੜ ਨਹੀਂ ਰਹਿੰਦੀ।

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ॥ ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ॥ ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ॥ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ॥ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥ ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ॥ ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥ ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ॥ ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ॥ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ॥ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ॥ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ॥ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ॥ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ॥

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥ ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ॥ ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ॥ ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥ ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ॥

ਗੁਰੂ ਅਰਜਨ ਸਾਹਿਬ ਦਾ ਕਥਨ ਹੈ: ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥

ਪ੍ਰਭੂ ਦਾ ਨਾਮ ਬੀਜ ਕੇ, ਭਰਮਾ ਵਿਚੋਂ ਨਿਕਲੋ। 'ਜੁਗ' ਕੋਈ ਲੱਖਾਂ ਵਰ੍ਹਿਆਂ ਦੇ ਚੱਕਰ ਨਹੀਂ, ਬਲਕਿ ਇਹ ਮਨੁੱਖੀ ਜੀਵਨ ਵਿਚ ਸਾਡੇ ਆਚਰਣ ਦੀਆਂ ਅਵਸਥਾਵਾਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੁਝ ਪ੍ਰਸ਼ਨ ਅਤੇ ਉਤੱਰ
(ਲੜੀ ਜੋੜਨ ਲਈ 'ਸਾਂਝੀ ਵਿਰਾਸਤ' ਦੇ ਪਿਛਲੇ ਅੰਕ ਦੇਖੋ ਜੀ)

Questions and Answers about Sri Guru Granth Sahib (SGGS) Ji
(Please see Earlier Question-Answers in past issues)

ਪ੍ਰਸ਼ਨ 12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਕਿਸ ਸਥਾਨ ਤੇ ਕੀਤੀ ਗਈ ਸੀ ?

ਉਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਸਾਬੋ ਕੀ ਤਲਵੰਡੀ (ਅੱਜ ਤਖਤ ਸ੍ਰੀ ਦਮਦਮਾ ਸਾਹਿਬ, ਬਠਿੰਡਾ) ਦੇ ਸਥਾਨ ਤੇ ਕੀਤੀ ਗਈ ਸੀ ।

Q12. Where was Sri Guru Granth Sahib Ji compiled the second time?

Ans. Sri Guru Granth Sahib was compiled at 'Sabo ki Talwandi' presently known as Takhat Sri Damdama Sahib.

ਪ੍ਰਸ਼ਨ 13. ਸਾਬੋ ਕੀ ਤਲਵੰਡੀ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਹੋਰ ਕਿਸ ਨਾਮ ਨਾਲ ਸਿੱਖ ਯਾਦ ਕਰਦੇ ਹਨ ?

ਉਤਰ:- ਸਾਬੋ ਕੀ ਤਲਵੰਡੀ ਤਖਤ ਸ੍ਰੀ ਦਮਦਮਾ ਸਾਹਿਬ ਨੂੰ 'ਗੁਰੂ ਕੀ ਕਾਸ਼ੀ' ਦੇ ਨਾਮ ਨਾਲ ਸਿੱਖ ਯਾਦ ਕਰਦੇ ਹਨ।

Q13. By what other name do the Sikhs remember Sabo ki Talwandi- Takhat Sri Damdama Sahib?

Ans. The Sikhs remember Sabo ki Talwandi-Takhat Sri Damdama Sahib as 'Guru ki Kanshi'.

ਮਾਖਿਉਂ ਮਿੱਠੀ ਬੋਲੀ ਸਾਡੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਮਾਖਿਉਂ ਮਿੱਠੀ ਬੋਲੀ ਸਾਡੀ,
ਬੋਲੀ ਇਹ ਪੰਜਾਬ ਦੀ ਏ।
ਰਾਵੀ, ਸਤਲੁਜ ਬਿਆਸ ਦੀ ਭਾਸ਼ਾ,
ਜੇਹਲਮ ਅਤੇ ਚਨਾਬ ਦੀ ਏ।

ਇਹ ਬੋਲੀ ਸਾਡੇ ਗੁਰੂਆਂ ਦੀ,
ਪੀਰਾਂ ਅਤੇ ਫਕੀਰਾਂ ਦੀ।
ਨਾਨਕ, ਬੁਲ੍ਹਾ, ਵਾਰਸ,
ਸ਼ਾਹ ਮੁਹੰਮਦ, ਬਾਹੂ, ਵੀਰਾਂ ਦੀ।

ਮਾਈ ਭਾਗੋ, ਬੀਬੀ ਭਾਨੀ,
ਮਾਂ ਗੁਜਰੀ ਦੇ ਜਾਇਆਂ ਦੀ।
ਵਿੱਚ ਦੁਨੀਆਂ ਦੇ ਵੱਸਦੇ ਕੁੱਲ,
ਪੰਜਾਬੀ ਭੈਣਾਂ ਭਾਈਆਂ ਦੀ।

ਗੁਰਮੁਖੀ ਦੇ ਮੁੱਖ ਨੂੰ ਖੁਦ,
ਲਿਸ਼ਕਾਇਆ ਸੀ ਗੁਰੂ ਅੰਗਦ ਨੇ।
ਊੜਾ ਐੜਾ ਫੱਟੀ ਤੇ,
ਲਿਖਵਾਇਆ ਸੀ ਗੁਰੂ ਅੰਗਦ ਨੇ।

ਵਰਣਮਾਲਾ ਦੇ ਸੁੰਦਰ ਅੱਖਰ,
ਗਿਣਤੀ ਵੀ ਇਕਤਾਲ਼ੀ ਏ।
ਦਸ ਮਾਤਰਾ, ਤਿੰਨ ਲਗਾਂਖਰ,
ਹਰ ਧੁਨ ਏਸ ਸੰਭਾਲ਼ੀ ਏ।

ਇਸ ਦਾ ਹਰ ਇੱਕ ਅੱਖਰ ਬੋਲੇ,
ਬਿੰਦੀ ਵੀ ਚੁੱਪ ਰਹਿੰਦੀ ਨਾ।
ਮਾਹੀਆ, ਢੋਲੇ, ਟੱਪੇ ਗਾਵੇ,
ਦੁੱਖ ਵੀ ਸਾਡਾ ਸਹਿੰਦੀ ਨਾ।

ਆਨ ਸ਼ਾਨ ਹੈ ਬੋਲੀ ਸਾਡੀ,
ਨਾ ਮੁੱਕੀ, ਨਾ ਮੁੱਕਣੀ ਏ।
ਜੇ ਰੱਖੀ ਆਪਾਂ ਪਟਰਾਣੀ,
ਨਾ ਸੁੱਕੀ ਨਾ ਸੁੱਕਣੀ ਏ।

ਰਗ਼ਾਂ ਸਾਡੀਆਂ ਦੇ ਵਿੱਚ ਦੌੜੇ,
ਦੇਵੇ ਠੰਢੜੀ ਛਾਂ ਬੋਲੀ।
ਮਾਂ ਦੇ ਦੁੱਧ 'ਚੋਂ ਮਿਲੀ ਇਹ ਸਾਨੂੰ,
ਮਿੱਠੀ ਲਗਦੀ ਤਾਂ ਬੋਲੀ।

ਭਾਸ਼ਾ ਹੋਰ ਬੋਲੀਏ ਭਾਵੇਂ,
ਦਿਲ ਦੀ ਘੁੰਡੀ ਖੋਲ੍ਹ ਨਾ ਹੁੰਦੀ।
ਮਜ਼ਾ ਪੰਜਾਬੀ ਨੂੰ ਨਹੀਂ ਆਉਂਦਾ,
ਜੇ ਪੰਜਾਬੀ ਬੋਲ ਨਾ ਹੁੰਦੀ।

ਦੋਸ਼ ਕਿਸੇ ਨੂੰ ਦੇਈਏ ਕਾਹਦਾ,
ਜੇ ਆਪੂੰ ਸਤਿਕਾਰੀ ਨਾ।
ਘਰ ਚੋਂ ਬਾਹਰ ਬਿਠਾ ਦਿੱਤੀ ਏ,
ਲੱਗੇ ਕਿਉਂ ਪਿਆਰੀ ਨਾ?

ਮਾਂ ਜਨਣੀ, ਮਾਂ ਬੋਲੀ, ਧਰਤੀ ਮਾਂ,
ਨੂੰ ਜੇ ਭੁੱਲ ਜਾਵਾਂਗੇ।
'ਦੀਸ਼' ਇਹ ਤਿੰਨੇ ਮਾਵਾਂ ਭੁੱਲ ਕੇ,
ਦੁਨੀਆਂ ਵਿੱਚ ਰੁਲ਼ ਜਾਵਾਂਗੇ।

Origin of Khalsa College, Mumbai

S. Mandeep Singh Bajwa   (msbajwa@gmail.com)

S. Tarlochan Singh, Ex-M.P, <tarlochan=tarlochansingh.com@groups.io> wrote:

Daily Ajit published this article on 26 January 2025. This is the history of Dr. Ambedkar's negotiations with the Sikh leaders in 1937. He wanted Harijans to become Sikhs and on his advice Khalsa College Mumbai was started in 1937. (SGPC [Nanakana Sahib] funded the project and bought over 27,000 sq yds of land for it).

Mahatma Gandhi made all efforts to shelve his move. .

ਡਾ. ਅੰਬੇਡਕਰ ਤੇ ਖ਼ਾਲਸਾ ਕਾਲਜ ਮੁੰਬਈ

ਤਰਲੋਚਨ ਸਿੰਘ

ਸ. ਆਤਮਾ ਸਿੰਘ ਸਾਬਕਾ ਮੰਤਰੀ ਪੰਜਾਬ ਜੋ ਅਕਾਲੀ ਦਲ ਦੇ ਉੱਘੇ ਲੀਡਰ ਰਹੇ ਹਨ, ਬਾਰੇ ਡਾ. ਹਰਵਿੰਦਰ ਸਿੰਘ ਖ਼ਾਲਸਾ ਦੀ ਲਿਖੀ ਕਿਤਾਬ 'ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ' ਸਾਡੇ ਸਾਹਮਣੇ ਆਈ ਹੈ। ਇਸ 'ਚ ਡਾ. ਬੀ.ਆਰ ਅੰਬੇਡਕਰ ਦੇ ਸਿੱਖ ਧਰਮ ਸੰਬੰਧੀ ਵਾਰਤਾਲਾਪ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹ ਲਿਖਿਆ ਗਿਆ ਹੈ ਕਿ ਖ਼ਾਲਸਾ ਕਾਲਜ ਮੁੰਬਈ ਡਾ. ਅੰਬੇਡਕਰ ਦੇ ਕਹਿਣ 'ਤੇ 1937 'ਚ ਬਣਾਇਆ ਗਿਆ ਸੀ। ਇਹ ਮਟੂੰਗਾ ਇਲਾਕੇ 'ਚ ਹੈ। ਸ. ਆਤਮਾ ਸਿੰਘ ਉਸ ਵੇਲੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਸਟਾਫ਼ 'ਚ ਲੱਗੇ ਹੋਏ ਸਨ ਅਤੇ ਸ. ਨਾਰਾਇਣ ਸਿੰਘ ਗੁਰਦੁਆਰੇ ਦੇ ਮੈਨੇਜਰ ਸਨ।

ਡਾ. ਅੰਬੇਡਕਰ ਨੇ 1935 'ਚ ਮਨ ਬਣਾ ਲਿਆ ਸੀ ਕਿ ਉਹ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ 'ਚ ਜਾਣਗੇ ਤਾਂ ਜੋ ਅੱਠ ਕਰੋੜ ਹਰੀਜਨ ਸਮਾਜ ਨੂੰ ਵੀ ਜਾਤੀ ਵਿਵਸਥਾ ਵਿਚੋਂ ਬਾਹਰ ਕੱਢ ਸਕਣ। ਇਸ ਵਿਚਾਰ ਅਧੀਨ ਉਨ੍ਹਾਂ ਨੇ ਸਾਰੇ ਧਰਮਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ ਸੀ। ਸਿੱਖ ਧਰਮ ਨਾਲ ਇਸ ਬਾਰੇ ਕਈ ਮੀਟਿੰਗਾਂ ਹੋਈਆਂ। ਜਨਵਰੀ 1936 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਵਫ਼ਦ ਸ. ਨਾਰਾਇਣ ਸਿੰਘ ਦੀ ਅਗਵਾਈ 'ਚ ਮੁੰਬਈ ਗਿਆ ਅਤੇ ਉਨ੍ਹਾਂ ਨੇ ਮੁਹਾਰ, ਮਾਂਗ, ਤੇ ਹੋਰ ਜਾਤੀਆਂ ਦੇ ਦਲਿਤਾਂ ਨਾਲ ਗੱਲਬਾਤ ਕੀਤੀ ਅਤੇ ਮਰਾਠੀ ਬੋਲੀ 'ਚ ਸਿੱਖ ਧਰਮ ਬਾਰੇ ਟਰੈਕਟ ਵੰਡੇ। ਪੂਨੇ 'ਚ 11 ਜਨਵਰੀ, 1936 ਨੂੰ ਹਰੀਜਨ ਸਮਾਜ ਦਾ ਇਕ ਵੱਡਾ ਇਕੱਠ ਹੋਇਆ ਅਤੇ ਉੱਥੇ ਗੁਰਦੁਆਰਾ ਕਮੇਟੀ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ 'ਚ ਸਾਰੇ ਲੋਕਾਂ ਨੇ ਪੰਗਤਾਂ 'ਚ ਬੈਠ ਕੇ ਲੰਗਰ ਛਕਿਆ। ਸਿੱਖ ਸੇਵਾਦਾਰ ਵਧੇਰੇ ਪਛੜੀਆਂ ਸ਼੍ਰੇਣੀਆਂ ਦੇ ਸਨ। ਇਸ ਦਾ ਬਹੁਤ ਵੱਡਾ ਪ੍ਰਭਾਵ ਪਿਆ। 13 ਅਪ੍ਰੈਲ 1936 ਨੂੰ ਸਰਬਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਅੰਮ੍ਰਿਤਸਰ 'ਚ ਵੀ ਬਹੁਤ ਵੱਡੀ ਕਾਨਫਰੰਸ ਕੀਤੀ ਗਈ ਸੀ। ਡਾ. ਅੰਬੇਡਕਰ ਇਸ 'ਚ ਸ਼ਾਮਿਲ ਹੋਏ ਸਨ। ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ ਅੰਗਰੇਜ਼ੀ 'ਚ ਭਾਸ਼ਨ ਦਿੱਤਾ। ਡਾ. ਅੰਬੇਡਕਰ ਉਸ ਸਮੇਂ ਲਾਅ ਕਾਲਜ ਮੁੰਬਈ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ ਆਪਣਾ ਇਕ ਅਖ਼ਬਾਰ ਚਲਾਇਆ, ਜਿਸ ਲਈ ਛਾਪਾਖਾਨੇ ਦਾ ਪ੍ਰਬੰਧ ਸਿੱਖ ਮਿਸ਼ਨ ਵਲੋਂ ਕੀਤਾ ਗਿਆ ਸੀ। ਡਾ. ਅੰਬੇਡਕਰ ਨੇ ਆਪਣੇ ਕਈ ਸਹਿਯੋਗੀ ਅੰਮ੍ਰਿਤਸਰ ਭੇਜੇ ਅਤੇ ਉਨ੍ਹਾਂ 'ਤੇ ਰਹਿਤ ਮਰਿਯਾਦਾ ਦਾ ਬੜਾ ਪ੍ਰਭਾਵ ਪਿਆ। ਅੰਬੇਡਕਰ ਦੀ ਮੰਗ 'ਤੇ ਮੁੰਬਈ ਖ਼ਾਲਸਾ ਕਾਲਜ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ, ਜਿਸ ਲਈ ਸਾਰਾ ਖ਼ਰਚਾ ਨਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਦੇ ਜ਼ਿੰਮੇ ਲੱਗਿਆ ਸੀ। ਹੈੱਡ ਮਾਸਟਰ ਕੇਹਰ ਸਿੰਘ ਨੂੰ ਇਸ ਕੰਮ ਲਈ ਇੰਚਾਰਜ ਬਣਾ ਕੇ ਮੁੰਬਈ ਭੇਜਿਆ ਗਿਆ ਸੀ। ਡਾ. ਅੰਬੇਡਕਰ ਨੇ ਮਟੂੰਗਾ 'ਚ ਥਾਂ ਲੱਭੀ, ਜਿੱਥੇ 2742 ਵਰਗ ਗਜ਼ ਦਾ ਪਲਾਟ ਸਾਢੇ ਛੇ ਰੁਪਏ ਪ੍ਰਤੀ ਗਜ਼ 'ਤੇ ਖ਼ਰੀਦ ਲਿਆ ਗਿਆ ਸੀ। ਇਸ 'ਚ ਸ. ਗੁਰਦਿੱਤ ਸਿੰਘ ਸੇਠੀ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਮੁੰਬਈ ਨੇ ਵੀ ਮਦਦ ਕੀਤੀ ਸੀ। ਇਸ ਕਿਤਾਬ 'ਚ ਲਿਖਿਆ ਗਿਆ ਹੈ ਕਿ ਡਾ. ਅੰਬੇਡਕਰ ਨੇ ਵਿਦੇਸ਼ ਯਾਤਰਾ ਜਾਣ ਲਈ 5000 ਰੁਪਏ ਹੈੱਡ ਮਾਸਟਰ ਕੇਹਰ ਸਿੰਘ ਤੋਂ ਲਏ ਸਨ। ਕਾਲਜ ਦਾ ਨਕਸ਼ਾ ਵੀ ਡਾ. ਅੰਬੇਡਕਰ ਜਰਮਨੀ ਦੇ ਕਿਸੇ ਵਿੱਦਿਅਕ ਸੰਸਥਾ ਦੀ ਇਮਾਰਤ ਵਰਗਾ ਲੈ ਕੇ ਆਏ ਸਨ। ਡਾ. ਅੰਬੇਡਕਰ ਹਰ ਤੀਜੇ ਦਿਨ ਕਾਲਜ ਦਾ ਕੰਮ ਵੇਖਣ ਆਉਂਦੇ ਅਤੇ ਲੋੜੀਂਦੇ ਸੁਝਾਅ ਦਿੰਦੇ ਸਨ। ਉਨ੍ਹਾਂ ਦੀ ਇੱਛਾ ਅਨੁਸਾਰ ਹੀ ਲੈਬਾਰਟਰੀ ਫਰਨੀਚਰ ਲਾਇਬ੍ਰੇਰੀ ਆਦਿ ਖ਼ਰੀਦੇ ਗਏ। ਇਕ ਪ੍ਰਿੰਟਿੰਗ ਪ੍ਰੈੱਸ ਵੀ ਲਗਾਈ ਗਈ, ਜਿਸ 'ਚ ਅੰਬੇਡਕਰ ਦਾ ਅਖ਼ਬਾਰ 'ਜਨਤਾ' ਛਪਦਾ ਸੀ। 20 ਜੂਨ 1937 ਨੂੰ ਕਾਲਜ ਆਰੰਭ ਕਰ ਦਿੱਤਾ ਗਿਆ ਅਤੇ ਇਸ ਦੇ ਪਹਿਲੇ ਪ੍ਰਿੰਸੀਪਲ ਸ. ਕਸ਼ਮੀਰਾ ਸਿੰਘ ਲਗਾਏ ਗਏ ਸਨ। ਉਸ ਸਮੇਂ ਸਾਰੇ ਭਾਰਤ 'ਚ ਇਹ ਹਲਚਲ ਮਚ ਗਈ ਕਿ ਕਰੋੜਾਂ ਹਿੰਦੂ ਹਰੀਜਨ ਸਿੱਖ ਧਰਮ ਨੂੰ ਅਪਣਾ ਲੈਣਗੇ, ਜਿਸ ਨਾਲ ਹਿੰਦੂਆਂ ਦੀ ਆਬਾਦੀ 'ਤੇ ਵੱਡਾ ਅਸਰ ਪਵੇਗਾ। ਇਸ ਪ੍ਰੋਗਰਾਮ ਨੂੰ ਰੋਕਣ ਲਈ ਬੜੀਆਂ ਹਿੰਦੂ ਜਥੇਬੰਦੀਆਂ ਤੇ ਧਨਾਢ ਹਿੰਦੂ ਅੱਗੇ ਆਏ ਅਤੇ ਇਸ ਨੂੰ ਰੋਕਣ ਲਈ ਪੂਰੀ ਵਾਹ ਲਗਾ ਦਿੱਤੀ। ਮੈਂ ਡਾ. ਚੈਦਾ ਚੈਟਰਜੀ ਜੋ ਸ਼ਾਂਤੀ ਨਿਕੇਤਨ ਵਿਦਿਆਲਿਆ ਦੀ ਪ੍ਰੋਫੈਸਰ ਰਹੀ ਹੈ, ਦੀ ਕਿਤਾਬ 'ਟੈਗੋਰ ਤੇ ਮਹਾਤਮਾ ਗਾਂਧੀ' ਪੜ੍ਹੀ ਹੈ। ਉਸ 'ਚ ਇਕ ਚਿੱਠੀ ਜੋ ਮਹਾਤਮਾ ਗਾਂਧੀ ਵਲੋਂ ਉਨ੍ਹਾਂ ਦੇ ਸਕੱਤਰ ਮਹਾਂਦੇਵ ਨੇ 20 ਦਸੰਬਰ 1936 ਨੂੰ ਵਾਰਧਾ ਤੋਂ ਗੁਰਦੇਵ ਰਾਬਿੰਦਰਨਾਥ ਟੈਗੋਰ ਨੂੰ ਲਿਖੀ, ਛਾਪੀ ਗਈ ਹੈ। ਉਸ 'ਚ ਟੈਗੋਰ ਦੇ ਸਿੱਖ ਧਾਰਮਿਕ ਅਸੂਲਾਂ ਦੇ ਹੱਕ 'ਚ ਦਿੱਤੇ ਬਿਆਨਾਂ ਦਾ ਹਵਾਲਾ ਦਿੱਤਾ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਜੇ ਏਨੀ ਵੱਡੀ ਗਿਣਤੀ 'ਚ ਹਰੀਜਨ ਹਿੰਦੂ ਆਪਣੇ ਆਪ ਨੂੰ ਸਿੱਖ ਲਿਖਵਾਉਣਗੇ ਤਾਂ ਭਾਰਤ ਦੇ ਧਰਮਾਂ ਦੀ ਗਿਣਤੀ 'ਚ ਵੱਡਾ ਵਿਘਨ ਪੈਣ ਦਾ ਡਰ ਹੈ। ਉਨ੍ਹਾਂ ਨੇ ਟੈਗੋਰ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੀ ਇਸ ਬਾਰੇ ਰਾਏ ਬਦਲਣ। ਇਸ ਚਿੱਠੀ ਦੇ ਜਵਾਬ 'ਚ 4 ਜਨਵਰੀ 1937 ਨੂੰ ਗੁਰਦੇਵ ਟੈਗੋਰ ਨੇ ਇਕ ਬੜਾ ਮਹੱਤਵਪੂਰਨ ਖ਼ਤ ਸ਼ਾਂਤੀ ਨਿਕੇਤਨ ਤੋਂ ਮਹਾਤਮਾ ਗਾਂਧੀ ਨੂੰ ਭੇਜਿਆ ਸੀ ਅਤੇ ਉਸ 'ਚ ਉਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਲਿਖਿਆ ਕਿ ਉਹ ਆਪਣੇ ਪਿਤਾ ਦੇ ਸਮੇਂ ਤੋਂ ਅੰਮ੍ਰਿਤਸਰ ਦਰਬਾਰ ਸਾਹਿਬ 'ਚ ਜਾਂਦੇ ਰਹੇ ਹਨ ਅਤੇ ਉਨ੍ਹਾਂ ਨੇ ਸਿੱਖਾਂ 'ਚ ਮਨੁੱਖੀ ਬਰਾਬਰੀ ਦਾ ਅਸੂਲ ਵੇਖਿਆ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੇ ਜਨਮ ਸਮੇਂ ਛੂਤ-ਛਾਤ ਖ਼ਤਮ ਕਰਨ ਦਾ ਹਵਾਲਾ ਵੀ ਦਿੱਤਾ ਹੈ। ਉਨ੍ਹਾਂ ਬੜੇ ਚੰਗੇ ਸ਼ਬਦਾਂ 'ਚ ਲਿਖਿਆ ਕਿ ਉਹ ਇਸ ਸੰਬੰਧੀ ਆਪਣੇ ਵਿਚਾਰ ਠੀਕ ਸਮਝਦੇ ਹਨ।

ਮਹਾਤਮਾ ਗਾਂਧੀ ਦੇ ਪੂਰੀ ਵਾਹ ਲਗਾਉਣ 'ਤੇ ਹਰੀਜਨਾਂ 'ਚ ਦੋ ਧੜੇ ਬਣ ਗਏ ਅਤੇ ਇਕ ਵੱਖਰੀ ਹਰੀਜਨ ਸੰਸਥਾ ਬਣਾ ਦਿੱਤੀ ਗਈ ਸੀ, ਜੋ ਹਿੰਦੂ ਸਮਾਜ ਦੇ ਹੱਕ 'ਚ ਬਿਆਨ ਦੇਣ ਲੱਗ ਪਈ। ਉਸ ਸਮੇਂ ਸਿੱਖਾਂ ਦਾ ਇਕ ਵਫ਼ਦ ਜਿਸ 'ਚ ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ ਸਰਹਾਲੀ, ਜਥੇਦਾਰ ਤੇਜਾ ਸਿੰਘ ਅਕਰਪੁਰੀ ਅਤੇ ਈਸ਼ਰ ਸਿੰਘ ਮਝੈਲ ਆਦਿ ਸ਼ਾਮਿਲ ਸਨ, 23 ਮਈ 1937 ਨੂੰ ਡਾ. ਅੰਬੇਡਕਰ ਨੂੰ ਮਿਲੇ। ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਾਰੀ ਸਥਿਤੀ ਸਮਝਾਈ ਅਤੇ ਉਨ੍ਹਾਂ ਨੇ ਸਪੱਸ਼ਟ ਕਹਿ ਦਿੱਤਾ ਕਿ ਜੇਕਰ ਉਹ ਹੁਣ ਸਿੱਖ ਬਣ ਵੀ ਜਾਂਦੇ ਹਨ ਤਾਂ ਵੀ ਚੰਦ ਗਿਣਤੀ ਦੇ ਬੰਦਿਆਂ ਤੋਂ ਬਿਨਾਂ ਬਹੁਤੇ ਹਰੀਜਨ ਉਨ੍ਹਾਂ ਦੇ ਨਾਲ ਨਹੀਂ ਜਾਣਗੇ। ਸਿੱਖ ਵਫ਼ਦ ਨੇ ਇਹ ਸਾਰੀ ਗੱਲ ਸੁਣ ਕੇ ਡਾ. ਅੰਬੇਡਕਰ ਦੀ ਮਜਬੂਰੀ ਸਮਝ ਲਈ। ਇਹ ਫ਼ੈਸਲਾ ਲਿਆ ਕਿ ਖ਼ਾਲਸਾ ਕਾਲਜ ਚਲਦਾ ਰਹੇਗਾ ਅਤੇ ਇਸ 'ਚ ਕੋਈ ਵਿਘਨ ਨਹੀਂ ਪਵੇਗਾ। ਅੱਜ ਤੱਕ ਇਹ ਕਾਲਜ ਬੜੀ ਕਾਮਯਾਬੀ ਦੇ ਨਾਲ ਚੱਲ ਰਿਹਾ ਹੈ। ਕੁਝ ਦਿਨ ਪਹਿਲਾਂ ਸਾਰੀ ਮੁੰਬਈ 'ਚ ਇਹ ਖ਼ਬਰਾਂ ਛਪੀਆਂ ਕਿ ਕਿਵੇਂ ਕਾਲਜ ਕਮੇਟੀ ਨੇ ਸਸਤੇ ਰੇਟ 'ਤੇ ਐੱਮ.ਆਰ.ਆਈ. ਸੈਂਟਰ ਖੋਲ੍ਹਿਆ ਹੈ।

ਇਸ ਕਿਤਾਬ ਦੇ ਛਪਣ 'ਤੇ ਸਿੱਖਾਂ 'ਚ ਜੋ ਸਿੱਖ ਹਰੀਜਨ ਮੇਲ-ਮਿਲਾਪ ਬਾਰੇ ਪਹਿਲਾਂ ਸ਼ੰਕੇ ਪਾਏ ਜਾ ਰਹੇ, ਉਹ ਦੂਰ ਹੋ ਗਏ ਹਨ। ਸਿੱਖ ਲੀਡਰਸ਼ਿਪ ਦਾ ਇਸ 'ਚ ਕੋਈ ਕਸੂਰ ਨਹੀਂ ਸੀ। ਡਾ. ਅੰਬੇਡਕਰ ਵਕਤੀ ਤੌਰ 'ਤੇ ਧਰਮ ਤਿਆਗਣ ਤੋਂ ਰੁਕ ਗਏ ਸਨ, ਪਰ ਅੰਤ 'ਚ ਉਨ੍ਹਾਂ ਨੇ ਨਾਗਪੁਰ ਸੰਮੇਲਨ 'ਚ ਲੱਖਾਂ ਸਾਥੀਆਂ ਸਮੇਤ ਬੁੱਧ ਧਰਮ 'ਚ ਪ੍ਰਵੇਸ਼ ਕਰਨ ਦਾ ਐਲਾਨ ਕਰ ਦਿੱਤਾ ਸੀ ਅਤੇ ਉਹ ਮਰਨ ਤੱਕ ਬੋਧੀ ਹੀ ਰਹੇ ਸਨ।

-ਸਾਬਕਾ ਐੱਮ.ਪੀ.

ਮਾਈ ਭਾਗ ਕੌਰ

ਡਾ. ਸਰਦਾਰ ਗੁਰਸ਼ਰਨ ਸਿੰਘ, ਅਮ੍ਰਿਤਸਰ - 9914003562

ਬੇਦਾਵਿਆਂ ਦੇ ਦੌਰ ਵਿੱਚ
ਸ਼ੀਹਣੀ ਬਣ ਨਿੱਤਰੀ...
ਸਿੰਘਣੀ ਅਨੋਖੀ ਸੀ,
ਉਹ 'ਨਾਮ-ਰੰਗ' ਰੱਤੜੀ...

ਚੇਤਿਆਂ 'ਚ ਰੱਖੇ ਉਹਨੇ
ਬੋਲ ਦਸਮੇਸ਼ ਦੇ
ਜੰਗ 'ਚ ਵਿਖਾਏ ਰੰਗ
ਸਿੱਖੀ ਵਾਲੇ ਵੇਸ ਦੇ...

ਧਾਰ ਲਿਆ ਰੂਪ ਉਹਨੇ
ਸਾਕਸ਼ਾਤ ਕਾਲ ਦਾ..
ਭੱਜੇ ਜਾਂਦੇ ਵੈਰੀਆਂ ਨੂੰ
ਰਾਹ ਨਹੀਂ ਸੀ ਭਾਲ਼ਦਾ...

ਘੇਰ-ਘੇਰ ਕੁੱਟਦੀ
ਤੇ ਡੂੰਘੇ ਫੱਟ ਲਾਉਂਦੀ ਰਹੀ..
ਖਿੱਦੋਆਂ ਦੇ ਵਾਂਗ ਸਿਰ
ਧੜਾਂ ਤੋਂ ਉਡਾਉਂਦੀ ਰਹੀ...

ਹੱਕੇ-ਬੱਕੇ ਵੈਰੀਆਂ ਨੂੰ
ਸੁੱਝੇ, ਕੁਝ ਔੜੇ ਨਾ...
ਸੁਰਖ਼ ਹਨੇਰੀ ਚੜ੍ਹੀ
ਰਾਹ ਕੋਈ ਮੋੜੇ ਨਾ...

'ਚੰਡੀ ਦਾ ਕੋਈ ਰੂਪ'
ਲੱਗੇ ਕਲ਼ਾ ਦਸਮੇਸ਼ ਦੀ...
ਝਲਕ ਅਨੋਖੀ ਦਿਸੀ
ਨਾਰੀ ਵਾਲੇ ਭੇਸ...

ਹਾਹਾਕਾਰ ਮੱਚਦੀ
ਖਿਦਰਾਣੇ ਵੱਲੋਂ ਆਉਂਦੀ ਰਹੀ...
ਖਿੱਦੋਆਂ ਦੇ ਵਾਂਗ ਸ਼ੀਹਣੀ
ਸਿਰਾਂ ਨੂੰ ਉਡਾਉਂਦੀ ਰਹੀ...

ਧਾਰ ਲੱਗੇ ਤੇਗ ਵਾਲੀ,
ਵਿੱਚ ਨਰਮੀ ਗੁਲਾਬ ਦੀ...
ਸਿੰਘਣੀ ਦਸਮੇਸ਼ ਦੀ,
ਉਹ ਧੀ ਸੀ ਪੰਜਾਬ ਦੀ...

ਜੰਗ ਵਿੱਚ ਜੂਝਦੀ ਉਹ
ਸ਼ੇਰਨੀ ਦੇ ਵਾਂਗ ਰਹੀ,
ਕਾਇਮ ਰੱਖੀ ਆਨ-ਬਾਣ
'ਕੌਰ ਦੇ ਖਿਤਾਬ' ਦੀ...

ਛੱਡ ਕੇ ਜੈਕਾਰੇ,
ਜੋਸ਼ ਸਿੰਘਾਂ ਦਾ ਵਧਾਉਂਦੀ ਰਹੀ...
ਖਿੱਦੋਆਂ ਦੇ ਵਾਂਗ ਸਿਰ
ਧੜਾਂ ਤੋਂ ਉਡਾਉਂਦੀ ਰਹੀ...

ਨੈਨੋ ਪਦਾਰਥਾਂ ਦੀ ਜਾਣ ਪਛਾਣ

(Introduction to Nano-Materials)

ਕਰਨਲ ਡਾ: ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ

ਇੱਕ ਤੋਂ 100 ਨੈਨੋਮੀਟਰ (10^{-9} ਮੀਟਰ) ਦੀ ਰੇਂਜ ਵਿਚ ਛੋਟੇ ਅਕਾਰ ਵਾਲੇ ਪਦਾਰਥਾਂ ਨੂੰ ਨੈਨੋ ਮੈਟੀਰੀਅਲ (Nano-Materials) ਕਿਹਾ ਜਾਂਦਾ ਹੈ। ਦੁਨੀਆਂ ਭਰ ਵਿਚ ਨੈਨੋ-ਤਕਨਾਲੋਜੀ ਦੀਆਂ ਵਿਗਿਆਨਕ ਖੋਜਾਂ ਹੋ ਰਹੀਆਂ ਹਨ ਅਤੇ ਇਨ੍ਹਾਂ ਦੀ ਵਰਤੋਂ ਲਗਾਤਾਰ ਵਧ ਰਹੀ ਹੈ। ਕੁਦਰਤ ਵਿੱਚ ਨੈਨੋ ਪਦਾਰਥ ਹਮੇਸ਼ਾ ਮੌਜੂਦ ਸਨ। ਸਨ 1996 ਵਿੱਚ ਕੈਮਿਸਟਰੀ ਦਾ ਅਤੇ 2010 ਦਾ ਭੌਤਿਕ ਵਿਗਿਆਨ ਦਾ ਨੋਬੈਲ ਪੁਰਸਕਾਰ ਨੈਨੋ ਤਕਨਾਲੋਜੀ ਵਿੱਚ ਮਹੱਤਵਪੂਰਨ ਖੋਜਾਂ ਕਰ ਕੇ ਦਿੱਤੇ ਗਏ। ਨੈਨੋ ਪਦਾਰਥਾਂ ਦਾ ਵਿਉਪਾਰ ਇੱਕ ਟਰਿਲੀਅਨ ਡਾਲਰ ਤੋਂ ਵੱਧ ਦਾ ਹੋ ਗਿਆ ਹੈ।

ਨੈਨੋ-ਤਕਨਾਲੋਜੀ ਯੰਤਰ ਨੈਨੋ ਪਦਾਰਥਾਂ ਦੀ ਚੌੜੀ ਤਹਿ ਬਣਾਉਂਦੇ ਹਨ। ਇਸਦੇ ਬਹੁਤ ਛੋਟੇ ਆਕਾਰ ਦੇ ਕਾਰਣ ਕੁਆਂਟਮ ਪ੍ਰਭਾਵ ਵੀ ਦਿਖਦੇ ਹਨ। ਨੈਨੋ ਪਦਾਰਥਾਂ ਵਿੱਚ ਬਹੁਤ ਵਿਭਿੰਨ ਸਮੱਗਰੀ ਸ਼ਾਮਲ ਹੁੰਦੀ ਹੈ ਜਿਵੇਂ ਕਿ ਧਾਤੂਆਂ (Metals), ਧਾਤੂ-ਜੈਵਿਕ ਪਦਾਰਥ (Metallo-Organic Materials), ਕਾਰਬਨ (Carbon), ਪੌਲੀਮਰ (Polymers), ਆਦਿ। ਇਨ੍ਹਾਂ ਵਿੱਚ ਵਿਭਿੰਨਤਾ ਹੁੰਦੀ ਹੈ ਜਿਵੇਂ ਕਿ ਡਿਸਕ, ਘਣ, ਗੋਲਾਕਾਰ, ਡੰਡੇ ਵਰਗੀ ਸ਼ਕਲਾਂ । ਨੈਨੋ ਪਦਾਰਥਾਂ ਨੂੰ ਕਿਸੇ ਵੀ ਲੋੜੀਂਦੇ ਐਪਲੀਕੇਸ਼ਨਾਂ ਲਈ ਲੋੜ ਅਨੁਸਾਰ ਤਹਿ ਨੂੰ ਕਾਰਜਸ਼ੀਲ ਕੀਤਾ ਜਾ ਸਕਦਾ ਹੈ।

ਨੈਨੋ ਮੈਟਰੀਅਲਜ਼ ਨੂੰ ਮੋਟੇ ਤੌਰ 'ਤੇ ਦੋ ਮੁੱਖ ਕਿਸਮਾਂ ਵਿੱਚ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ : ਜੈਵਿਕ (Living-organic) ਅਤੇ ਅਜੈਵਿਕ (Non-living-inorganic)। ਕਾਰਬਨ-ਅਧਾਰਤ ਨੈਨੋ ਮੈਟਰੀਅਲ ਨੂੰ ਸਪੈਕਟ੍ਰੋਸਕੋਪੀ ਦੀ ਇੱਕ ਵੱਖਰੀ ਸ਼੍ਰੇਣੀ ਮੰਨਿਆ ਜਾਂਦਾ ਹੈ। ਕਾਰਬਨ-ਅਧਾਰਿਤ ਨੈਨੋ ਮੈਟਰੀਅਲ ਦੇ ਛੋਟੇ ਅਣੂਆਂ ਅਤੇ ਲੰਬੀਆਂ ਚੇਨਾਂ ਦੀਆਂ ਕਈ ਤਰ੍ਹਾਂ ਦੀਆਂ ਬਣਤਰਾਂ ਨੂੰ ਬਣਾਇਆ ਜਾ ਸਕਦਾ ਹੈ। ਜੈਵਿਕ-ਅਧਾਰਤ ਨੈਨੋ ਮੈਟਰੀਅਲ ਜੈਵਿਕ ਪਦਾਰਥਾਂ ਤੋਂ ਬਣਾਏ ਜਾਂਦੇ ਹਨ। ਫੁਲਰੀਨ ਨੈਨੋ ਪਦਾਰਥਾਂ ਨੂੰ ਦਵਾਈਆਂ ਅਤੇ ਜੀਵ-ਵਿਗਿਆਨਕ ਸਮੱਗਰੀਆਂ ਨੂੰ ਸਰੀਰ ਵਿਚ ਠੀਕ ਜਗ੍ਹਾ ਤੱਕ ਪਹੁੰਚਾਉਣ ਲਈ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ।

ਨੈਨੋਸਕੇਲ ਦੇ ਹਿੱਸੇ ਪਹਿਲਾਂ ਹੀ ਬਹੁਤ ਸਾਰੇ ਭੋਜਨਾਂ ਵਿੱਚ ਕੁਦਰਤੀ ਤੌਰ 'ਤੇ ਹੁੰਦੇ ਹਨ। ਦੁੱਧ, ਨੈਨੋਸਕੇਲ ਫੈਟ ਗਲੋਬੂਲਸ ਵੇਅ ਪ੍ਰੋਟੀਨ, ਅਤੇ ਬਹੁਤ ਸਾਰੀਆਂ ਫੂਡ-ਪ੍ਰੋਸੈਸਿੰਗ ਤਰੀਕੇ ਇਸ ਤਰਾਂ ਦੇ ਹੋ ਸਕਦੇ ਹਨ। ਮਨੁੱਖ ਯੁੱਗਾਂ ਤੋਂ ਨੈਨੋ ਮੈਟਰੀਅਲ' ਅਤੇ 'ਨੈਨੋ ਪਾਰਟਿਕਲ' ਦਾ ਸੇਵਨ ਕਰ ਰਹੇ ਹਨ। ਬਾਹਰੀ ਕਣ ਕੁਦਰਤੀ ਖੁਰਾਕ ਦੇ ਦੂਸ਼ਿਤ ਪਦਾਰਥਾਂ (ਆਮ ਤੌਰ 'ਤੇ ਧੂੜ ਅਤੇ ਮਿੱਟੀ) ਅਤੇ ਮਨੁੱਖ ਦੁਆਰਾ ਬਣਾਏ ਭੋਜਨ ਐਡਿਟਿਵ ਜਾਂ ਸਹਾਇਕ ਪਦਾਰਥਾਂ ਦੇ ਰੂਪ ਵਿੱਚ ਹੁੰਦੇ ਹਨ।

ਇਨ੍ਹਾਂ ਉਪਭੋਗਤਾ ਉਤਪਾਦਾਂ ਦੀ ਸੂਚੀ ਵਿੱਚ 'ਭੋਜਨ ਅਤੇ ਪੀਣ ਵਾਲੇ ਪਦਾਰਥ' ਸ਼੍ਰੇਣੀ ਵਿੱਚ 105 ਉਤਪਾਦ ਸ਼ਾਮਲ ਹਨ। ਇਹ ਐਂਟੀਬੈਕਟੀਰੀਅਲ ਰਸੋਈ ਦੇ ਸਮਾਨ ਤੋਂ ਲੈ ਕੇ ਸਲਿਮਿੰਗ ਚਾਕਲੇਟ ਸ਼ੇਕ ਤੱਕ ਹੁੰਦੇ ਹਨ ਜੋ ਖੰਡ ਘੱਟ ਕਰਦੇ ਹੋਏ ਸੁਆਦ ਨੂੰ ਵਧਾਉਣ ਲਈ ਵਰਤੇ ਜਾਂਦੇ ਹਨ। ਇੱਕ ਮਹੱਤਵਪੂਰਨ ਹਿੱਸਾ ਪੈਕੇਜਿੰਗ ਸਮੱਗਰੀ ਹੈ, ਜੋ ਕਿ ਪੋਲੀਮਰ-ਅਧਾਰਤ ਨੈਨੋ ਪਦਾਰਥਾਂ ਵਿੱਚ ਸਿਲਿਕਾ ਤੋਂ ਲੈ ਕੇ ਆਕਸੀਜਨ ਨੂੰ ਲਪੇਟਣ ਤੋਂ ਰੋਕਣ ਲਈ ਅਤੇ ਰੇਡੀਏਸ਼ਨ ਨੂੰ ਫਿਲਟਰ ਕਰਨ ਲਈ ਵਰਤਦੇ ਹਨ। ਮਸਾਲੇ ਅਤੇ ਸੀਜ਼ਨਿੰਗ ਵਿੱਚ ਐਂਟੀ-ਕੇਕ ਦੇ ਤੌਰ ਤੇ, ਨੋ-ਕੇਕਿੰਗ ਸ਼ੱਕਰ ਲਈ ਅਤੇ ਕਈ ਹੋਰ ਜਗ੍ਹਾ ਜਿਵੇਂ ਕਿ ਟੋਨਰ, ਬੈਟਰੀ ਜੈੱਲ ਜਾਂ ਲਿਥੀਅਮ ਆਇਨ ਪੌਲੀਮਰ ਬੈਟਰੀਆਂ, ਸ਼ਿੰਗਾਰ, ਪੇਂਟ, ਪਲਾਸਟਿਕ, ਫਾਰਮਾਕੋਲੋਜੀ ਵਿੱਚ ਇਨਾਂ ਦੀ ਵਰਤੋਂ ਹੁੰਦੀ ਹੈ।

ਸਲਾਦ ਡ੍ਰੈਸਿੰਗ, ਮਿਠਾਈਆਂ ਵਿੱਚ ਅਤੇ ਨਾਨ-ਡੇਅਰੀ ਕ੍ਰੀਮਰਾਂ ਵਿੱਚ ਚਿੱਟੇਪਨ ਨੂੰ ਬਹਾਲ ਕਰਨ ਲਈ ਇਨ੍ਹਾ ਦੀ ਵਰਤੋਂ ਕੀਤੀ ਜਾਂਦੀ ਹੈ।

ਅਜੈਵਿਕ-ਆਧਾਰਿਤ ਨੈਨੋਮੈਟਰੀਅਲਾਂ ਵਿੱਚ ਵੱਖ-ਵੱਖ ਧਾਤਾਂ ਅਤੇ ਮੈਟਲ ਆਕਸਾਈਡ ਸ਼ਾਮਲ ਹੁੰਦੇ ਹਨ। ਧਾਤੂ-ਅਧਾਰਿਤ ਅਕਾਰਬਨਿਕ ਨੈਨ ੋਮੈਟਰੀਅਲਜ਼ ਦੀਆਂ ਉਦਾਹਰਣਾਂ ਹਨ ਚਾਂਦੀ, ਸੋਨਾ, ਅਲਮੀਨੀਅਮ, ਕੈਡਮੀਅਮ, ਤਾਂਬਾ, ਆਇਰਨ, ਜ਼ਿੰਕ, ਅਤੇ ਲੀਡ।

ਧਾਤੂ ਆਕਸਾਈਡ-ਅਧਾਰਿਤ ਅਕਾਰਗਨਿਕ ਨੈਨ ੋਮੈਟਰੀਅਲਜ਼ ਦੀਆਂ ਉਦਾਹਰਣਾਂ ਹਨ ਜ਼ਿੰਕ ਆਕਸਾਈਡ, ਕਾਪਰ ਆਕਸਾਈਡ, ਮੈਗਨੀਸ਼ੀਅਮ ਅਲਮੀਨੀਅਮ ਆਕਸਾਈਡ, ਟਾਈਟੇਨੀਅਮ ਡਾਈਆਕਸਾਈਡ, ਸੇਰੀਅਮ ਆਕਸਾਈਡ, ਆਇਰਨ ਆਕਸਾਈਡ, ਆਇਰਨ ਆਕਸਾਈਡ ਅਤੇ ਆਇਰਨ ਆਕਸਾਈਡ ਆਦਿ।

ਕਾਰਬਨ-ਅਧਾਰਤ ਨੈਨੋ ਮੈਟਰੀਅਲਾਂ ਵਿੱਚ ਗ੍ਰਾਫੀਨ, ਫੁਲਰੀਨ, ਕਾਰਬਨ ਨੈਨੋਟਿਊਬ, ਕਾਰਬਨ ਫਾਈਬਰ ਅਤੇ ਕਾਰਬਨ ਬਲੈਕ ਸ਼ਾਮਲ ਹਨ।

The First Sikh Preacher Mata Khivi Ji

(1506 - 1582)

Sardar Mohan Jit Singh Puri, Delhi (+91 9810854324)
Retd. General Manager, VSNL.

Mata Khivi Ji emerged from the traditional confinement of Indian household, liberated the women and led them to freely participate in the "Langar" (Free Kitchen), the *Maryada* initiated by Guru Nanak Sahib. She set an example for the coming generations. She is the only female whose name has found an honorable mention in the Holy Sri Guru Granth Sahib (SGGS).

She was the respected wife of 2nd Sikh Guru Angad Sahib. Mata Ji always inspired her children to adopt a noble path. Whenever she saw that they were going astray, she exhorted them to leave that path because by treading on it they would gain nothing except frustration and humiliation.

Mata Khivi Ji was born in Sangar, Tehsil Taran, District Amritsar, to Mata Karan Devi Ji and Bhai Devi Chand Ji. Her father was a shopkeeper and very popular in the society. She inherited all his finest attributes of generosity and congenial spirit.

For her marriage, Mai Varai suggested her brother Pheru Mal's son Bhai Lehna Ji as the prospective husband. Devi Chand used to visit Khadoor on business and was acquainted with the family of Mai Varai. Bibi Khivi Ji was married to Bhai Lehna Ji in 1519.

Bhai Lehna Ji joined his father Bhai Pheru Mal in his business. The business was quite prosperous due to their integrity and their good behaviour towards fellowmen. On the death of his father in 1526, the entire burden of the family fell on Bhai Lehna Ji.

In the beginning Bhai Lehna Ji was a worshiper of a goddess. Every year he his father visited Jwalamukhi. After the death of his father this practice continued up to 1532. During this period, his son Dasu (1524) and his daughter Bibi Amro (1532) were born. The other two children Bibi Anokhi and son Datu were born in 1535 and 1537 respectively. The household affairs of Bhai Lehna and Mata Khivi were running quite peacefully.

Changes in the Life of Bhai Lehna Ji

Guru Nanak Sahib had finished his *Udasis* (Spiritual journeys) and finally settled down at Kartarpur in 1516. His preaching of "Oneness of God and Universal Brotherhood" and related revolutionary thoughts were the talk of the day in Punjab. Bhai Lehna Ji had learnt about the *Gurbani* "Jap Ji Sahib" from a Sikh named Bhai Jodha who used to recite Guru Nanak's Bani, and decided to visit Kartarpur where Guru Nanak Dev Ji was residing.

There was a yearning in Bhai Lehna Ji to have darshan of Guru Nanak Dev Ji. Bhai Lehna Ji revealed his thoughts to his wife (Mata Khivi Ji) who in turn nodded in assent and said that the house where you get peace is fortunate and she could have no objection.

Bibi Khivi's First Renunciation

In 1532, when Bhai Lehna Ji met Guru Nanak Sahib, the yearning was so intense that he stopped his pilgrimages and felt that his search for truth was fulfilled. His wandering for so many years had come to an end. At last, he attained peace of mind and settled down in Kartarpur. He told his fellow pilgrims to tell the people at Khadoor about his decision.

One can imagine and wonder at what the condition of Mata Khivi would have been on hearing this news, especially when Datu and Bibi Amro were still very young. Bhai Lehna Ji lived at Kartarpur from 1532 to 1539.

When Bhai Lehna Ji was preparing himself to be acceptable to Guru Nanak Sahib and his way of life, at that time Mata Khivi was shouldering the responsibility of the family, and to provide the path to bliss. Mata Khivi also learnt from her husband and embraced the new faith whole-heartedly. The women in the village taunted her, saying that her husband was becoming an important holy man, and would, therefore, soon forsake her. She knew she had nothing to worry about and gave birth to two more children in that period of time.

It was due to her efforts that Lehna Ji could transcend to the heights achieved by Guru Nanak Sahib. During 1532-1539 when Lehna Ji was staying at Kartarpur, he did not break ties with his house. He used to visit Khadoor occasionally and he shared his thoughts with the people of his village and enlightened the people. At the same time Mata Khivi Ji too had learned the basic principles and the sermons of Guru Nanak Sahib from her husband, and she had seen closely the changes in his life.

At Kartarpur, Bhai Lehna Ji devoted himself completely to Guru Nanak and gave up the idea of returning. At that time Khivi Ji became bold enough to say that "If he wears the robes of a fakir, I will invariably adorn rags. I will gladly accept whatever the conditions may be ". In the mind of Khivi Ji, this thought of *Gurbani* was actively working : "God may bestow happiness or adversities upon me, but I shall remember Him." Bhai Lehna Ji appreciated the qualities of his noble wife. (He said : In prosperity as well as in adversity, take God's shelter, wise female in this way you can get nearness of your Swami - God). Mata Khivi Ji followed this principle of abiding by the *Hukam* (obedience) and felt happy. She loved her husband Lehna Ji too much.

In the Sikh history, she has been regarded as her husband's devotee and never entered into any controversy with him. So much so that when Guru Angad Dev Ji decided to pass on *Guru Gaddi* to (Guru) Amar Das instead of their sons, Mata Ji had not raised any objection. She had bowed before the order of her husband and made her sons agree by making them understand that their father's decision was perfectly right, as they were unable to shoulder such heavy responsibility. She preferred her husband's decision over her blind love for her sons.

When Bhai Lehna Ji shifted to Khadoor and, as Guru Angad Dev Ji, took over the great responsibility of *Guru-Gaddi*, Mata Khivi took the charge of the "*Langar*" (Community' Kitchen). During 1532-1539 she might have visited Kartarpur and understood the traditional concepts of *Langar* and *Pangat*. At Kartarpur she might have participated in the community kitchen service. When the responsibility of "*Guru-gaddi*" fell on her husband, she took over this responsibility and look after the *Sangat* which used to visit Khadoor Sahib. There the females lived without *pardah*. The practical demonstration of the dignity of females, about which Guru Nanak Sahib wrote in his *Gurbani,* was initiated at Kartarpur.

Mata Khivi Ji became the first supporter of females' independence. She helped in breaking the old practices and customs and prepared the females to work side by side with the male folks in the restructuring of the society. It was a bold step in the 16th century and paved the way of complete independence for the Sikh females. Later, Guru Amar Das Ji, the 3rd Sikh Guru, did a lot of work in this direction. She learnt philosophy of Guru Nanak from her husband. It was due to this reason that she did not find any difficulty in sharing his duties.

When Lehna Ji was elevated as 'Guru Angad' by Guru Nanak Sahib, he was asked by the latter to go to Khadoor. Guru Sahib, told her "When his benevolent Guru ordered him to distribute the wealth of *'Shabad'* (God's Name) the distribution of "Food" came in your share. Sata Balvand Ji while describing this incident in "Rama Kali Vaar" in Sri Guru Granth Sahib Page 967) praised Mata Ji's nature in following words:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥ ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ ਕਬੂਲ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥ ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥

Bhai Sahib Singh writes : Guru Angad Sahib's wife, like her husband, is noble. In her proximity, one gets peace and blessings. Balvand stated that she was very noble and good natured and gave comfort by her politeness to everyone and used to prepare the *'langar'* with devotion. Those taking its *Prashad* enjoyed the taste of milk, and did not like to take food at own homes. Residents of nearby villages used to contribute vegetables, ghee and wheat. This practice of earning by own labour and sharing was followed.

People praised her good motherly behaviour and help in spreading Sikhism. When Guru Angad Sahib, who loved children and used to teach them Punjabi, Mata Ji used to prepare sweet food to inspire them. She became an ideal for the Sikhs. It was due to this service that untouchability and inequality varnished in Sikhism. The caste-based people opposed this ideology of equality tooth and nail.

Mata Khivi Ji used to get up early in the morning, recited *Gurbani*, then started serving food to the pilgrims coming there and made arrangements for their boarding. Guru Sahib had vowed never to take any money from the offerings made to the God by the pilgrims.

She helped Guru Sahib to make jute ropes for his livelihood. Their children were taught to consider the offerings in the Gurudwara as people's fund. They were expected to make their own living. Mata Ji and Guru Ji would eat only Chapattis made of barley. Once when Guru Angad's toe was wounded she stayed up nights to take care of it. She was truly devoted to him and adopted following *Salok* in her life.

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥ SGGS Page (474) ॥

If a person eliminates his self-conceit and then performs service, he shall be honored. If he merges with the one with whom he is attached, his attachment becomes acceptable. She continuously served the community and the Guru's house. When Guru Angad Dev Ji passed away, he was succeeded by Guru Amar Das Sahib. Guru Angad Sahib's son Datu was disappointed. Along with his friends, he tried to declare himself the rightful heir, singing hymns by themselves. Mata Khivi Ji persuaded him that this responsibility was too much for him and beg his forgiveness. Guru Amar Das Ji, who came out to meet her halfway, forgave Datu.

Mata Khivi Ji lived for 30 years after Guru Angad Sahib left for his heavenly abode in 1552. She had the distinction of meeting five Gurus in person. Guru Arjun Sahib attended her funeral. Her contributions to the Sikh cause can be divided into three parts.

In the first 20 years of her married life before Guru Angad Sahib succeeded Guru Nanak Sahib, she never complained, nor did anything to deter him from his objectives. In the second part of her life as wife of the Guru, she was extraordinary in her devotion and dedication to the Sikh cause. The third stage of her life started after her husband died. She continued to nourish the Sikh community and to work tirelessly with all her heart in it.

She had a long productive life, worked hard and was loved by all. Her pleasant personality made a large contribution to the spirit of hospitality, which is now considered an essential trait of the Sikh culture. She was the first woman of her era who ever worked outside her immediate family home and obligations at a time when her children were very young. She handled both roles admirably well. The contribution of Mata Khivi Ji to the Sikh cause will be remembered reverently.

ਸ਼ਹੀਦ ਬਾਬਾ ਦੀਪ ਸਿੰਘ ਜੀ

ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ



ਜੰਗਾਂ ਯੁੱਧਾਂ ਦੇ
ਪੂਰੇ ਇਤਿਹਾਸ ਅੰਦਰ,
ਤੇਰਾ ਯੁੱਧ ਸੀ
ਲਾ-ਮਿਸਾਲ ਬਾਬਾ...

ਤੇਰੇ ਖੰਡੇ ਨੇ ਲਿਖੀ
ਜੋ ਤਵਾਰੀਖ਼,
ਪਿੱਛੇ ਛੱਡ ਗਈ
ਕਿੰਨੇ ਸਵਾਲ ਬਾਬਾ...

ਡਾਹਡੀ ਮੌਤ ਦੀ ਰੂਹ
ਵੀ ਕੰਬ ਉੱਠੀ,
ਤੱਕ ਚਿਹਰੇ ਦਾ ਜਾਹੋ-
ਜਲਾਲ ਬਾਬਾ...

ਐਸੀ ਰਚੀ
ਅਨੋਖੀ ਤੂੰ ਯੁੱਧ ਲੀਲਾ,
ਬਦਲੇ ਜੰਗਾਂ ਦੇ ਬਾਰੇ
ਖਿਆਲ ਬਾਬਾ...

ਤੈਨੂੰ ਜੂਝਦੇ ਵੇਖ
ਮੈਦਾਨ ਅੰਦਰ,
ਬਾਗੋ-ਬਾਗ ਹੋਊ
ਸਾਹਿਬ-ਏ-ਕਮਾਲ ਬਾਬਾ...

ਵੈਰੀ ਜਨਮ-ਜਨਮ
ਨਹੀਂ ਭੁੱਲ ਸਕਦੇ,
ਜਿਹੜਾ ਕੀਤਾ ਤੂੰ
ਦੁਸ਼ਮਨ ਦਾ ਹਾਲ ਬਾਬਾ...

ਅਰਸ਼ੋਂ ਦੇਵ,
ਪਤਾਲ ਤੇ ਭੂਮ ਲੋਕ,
ਤਿੰਨਾਂ ਤੱਕਿਆ
'ਜੰਗ-ਏ-ਕਮਾਲ' ਬਾਬਾ...

ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। (singhkabal285@gmail.com)

ਡਾ. ਸਰਦਾਰ ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ, "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕਰ ਕੇ, ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ ਅਤ ਅਲਬਰਟਾ ਐਨਵਾਇਰਮੈਂਟ ਦੇ ਸਲਹਕਾਰ ਰਹੇ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com.)

ਡਾ. ਸਰਦਾਰ ਡੀ. ਪੀ. ਸਿੰਘ, ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

ਸਰਦਾਰਨੀ ਗੁਰਨਾਮ ਕੌਰ ਨੇ Masters' in Punjabi ਅਤੇ Master's in Library and Information Science ਦੀ ਪੜ੍ਹਾਈ ਕੀਤੀ ਹੈ। ਫਿਰ M.Phil. in Library and Information Science ਕਰ ਕੇ ਬਤੌਰ Professional Assistant, Punjabi University, Patiala, ਦੇ Regional Centre Bathinda ਵਿਚ ਸੇਵਾ ਕੀਤੀ ਹੈ।

ਡਾ. ਸਰਦਾਰ ਸੁਰਜੀਤ ਸਿੰਘ ਭੱਟੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਵਿੱਚ ਬਤੌਰ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਕੰਮ ਕੀਤਾ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca E-mail : surjitsinghbhatti@gmail.com).

ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਪੀਐਚ. ਡੀ. (ਰਾਜਨੀਤੀ ਵਿਗਿਆਨ), ਖੋਜ ਕਾਰਜ: ਭਾਰਤ ਵਿੱਚ ਖੇਤਰੀ ਰਾਜਨੀਤੀ, ਵਿਸ਼ੇਸ਼ ਸੰਦਰਭ : ਪੰਜਾਬ। ਕਾਵਿ-ਪੁਸਤਕ : "ਜੀਵਨ ਦੇ ਰੰਗ", ਸਰਕਾਰੀ ਅਧਿਆਪਕ, ਲੇਖਣ ਵਿਧਾ : ਕਵਿਤਾ ਅਤੇ ਵਾਰਤਕ ਕਿਤਾਬਾਂ ਮੈਗਜੀਨਾਂ ਅਤੇ ਪਤ੍ਰਕਾਵਾਂ ਵਿੱਚ ਛਪਦੀਆਂ ਰਚਨਾਵਾਂ। ਮੁੱਖ ਦਿਲਚਸਪੀ : ਮਨੁੱਖ ਦੇ ਕੁਦਰਤ ਨਾਲ ਰਿਸ਼ਤਾ ਅਤੇ ਜੀਵਨ ਨੂੰ ਸਮਝਣ ਵਾਲੀ ਖੁੱਲੀ ਕਵਿਤਾ। kanwarnoon43@gmail.com

ਕਰਨਲ ਡਾ. ਦਲਵਿੰਦਰ ਸਿੰਘ ਗ੍ਰੇਵਾਲ, ਪੀ.ਐਚ.ਡੀ., ਸਿੱਖਿਆ ਸ਼ਾਸਤਰੀ ਅਤੇ ਲੇਖਕ ਹਨ। ਉਹ ਡਾਇਰੈਕਟਰ-ਪ੍ਰਿੰਸੀਪਲ ਭਾਈ ਮਹਾਂ ਸਿੰਘ ਇੰਜਨੀਅਰਿੰਗ ਕਾਲਜ (ਮੁਕਤਸਰ), ਡੀਨ ਦੇਸ਼ ਭਗਤ ਯੂਨੀਵਰਸਿਟੀ, ਡਾਇਰੈਕਟਰ-ਪ੍ਰਿੰਸੀਪਲ, ਗੁਰੂ ਨਾਨਕ ਦੇਵ ਇੰਜੀ. ਖਾਲਜ (ਲੁਧਿਆਣਾ); ਸੰਸਥਾਪਕ ਪ੍ਰਿੰਸੀਪਲ ਸੀ.ਟੀ. ਕਾਲਜ ਆਫ਼ ਇੰਜੀ. (ਜਲੰਧਰ); ਰਜਿਸਟਰਾਰ, SLIET Longowal, ਅਤੇ TRIDENT ਸਨ। 100 ਤੋਂ ਵੱਧ ਕਿਤਾਬਾਂ, 350 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਅਤੇ 18 ਪੀ.ਐਚ.ਡੀ./ ਐਮ.ਟੈਕ. ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕੀਤਾ।(dalvinder45@yahoo.co.in.)

ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੈਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਬੜੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

Important Information for Authors

1. Magazine Policy : To Promote Punjabi Culture, History and Heritage (By Secular, Non-Political, Non-Personal Articles/Poems, after Review)
2. Editorial Board : Will not be responsible for views of Authors / Poets.
3. Font size 12/14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum Length : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References/Photos : Source (Author, Title, Journal / Book, Year, Pages.

ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

ਡਾ. ਸਰਦਾਰ ਰਾਜਾ ਬਲਰਾਜ ਸਿੰਘ	ਕੈਲਗਰੀ (ਕੈਨੇਡਾ)
ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	ਕੈਲਗਰੀ (ਕੈਨੇਡਾ)
ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਕਾਬਲ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਬਲਦੇਵ ਸਿੰਘ	ਐਡਮਿੰਟਨ (ਕੈਨੇਡਾ)
ਸਰਦਾਰ ਜਗਬੀਰ ਸਿੰਘ ਕੋਹਲੀ	ਕੈਲਗਰੀ (ਕੈਨੇਡਾ)
ਸਰਦਾਰ ਪਰਮਜੀਤ ਸਿੰਘ	ਟੋਰੋਂਟੋ (ਕੈਨੇਡਾ)
ਪ੍ਰਿੰਸੀਪਲ ਮਨਮੋਹਨ ਕੌਰ	ਦਿੱਲੀ (ਭਾਰਤ)
ਸਰਦਾਰ ਉਂਕਾਰ ਸਿੰਘ ਟਿਵਾਣਾ	ਓਨਟਾਰੀਓ (ਕੈਨੇਡਾ)
ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ)	ਕੈਲਗਰੀ (ਕੈਨੇਡਾ)
ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ)	ਕੈਲਗਰੀ (ਕੈਨੇਡਾ)
ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ)	ਕੈਲਗਰੀ (ਕੈਨੇਡਾ)

ਸ਼ਲਾਹਕਾਰ

ਡਾ. ਸਰਦਾਰ ਕਾਲਾ ਸਿੰਘ	ਵੈਨਕੂਵਰ (ਕੈਨੇਡਾ)
ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ	ਵਿੰਡਸਰ (ਕੈਨੇਡਾ)
ਡਾ. ਸਰਦਾਰ ਦਵਿੰਦਰ ਪਾਲ ਸਿੰਘ	ਮਿਸੀਸਾਗਾ (ਕੈਨੇਡਾ)
ਡਾ. ਸਰਦਾਰ ਜਗਜੀਤ ਸਿੰਘ	ਵੈਨਕੂਵਰ (ਕੈਨੇਡਾ)
ਸਰਦਾਰ ਕਰਮਜੀਤ ਸਿੰਘ ਨੂਰ	ਜਲੰਧਰ (ਭਾਰਤ)
ਸਰਦਾਰਨੀ ਅਮ੍ਰਿਤਪਾਲ ਕੌਰ	ਜਲੰਧਰ (ਭਾਰਤ)
ਸ਼੍ਰੀ ਰਿਸ਼ੀ ਨਾਗਰ	ਕੈਲਗਰੀ (ਕੈਨੇਡਾ)
ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ)	ਕੈਲਗਰੀ (ਕੈਨੇਡਾ)

ਐਡੀਟੋਰੀਅਲ ਬੋਰਡ

ਡਾ. ਰਾਜਾ ਬਲਰਾਜ ਸਿੰਘ

ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ. ਕਾਬਲ ਸਿੰਘ

ਡਾ. ਬਲਦੇਵ ਸਿੰਘ

ਸ. ਜਗਬੀਰ ਸਿੰਘ ਕੋਹਲੀ

ਸ. ਪਰਮਜੀਤ ਸਿੰਘ

ਪ੍ਰਿੰਸੀਪਲ ਮਨਮੋਹਨ ਕੌਰ

ਸ੍ਰ. ਉਂਕਾਰ ਸਿੰਘ ਟਿਵਾਣਾ

ਡਾ. ਰਾਜਬੀਰ ਸਿੰਘ ਭੱਟੀ

ਸ. ਯੁਵਰਾਜ ਸਿੰਘ

ਡਾ. ਸੁਰਜੀਤ ਸਿੰਘ ਭੱਟੀ

ਸਲਾਹਕਾਰ

ਡਾ. ਕਾਲਾ ਸਿੰਘ

ਡਾ. ਡੀ. ਪੀ ਸਿੰਘ

ਡਾ. ਜਗਜੀਤ ਸਿੰਘ

ਡਾ. ਦਵਿੰਦਰ ਸਿੰਘ ਸੇਖੋਂ

ਸ੍ਰ. ਕਰਮਜੀਤ ਸਿੰਘ ਨੂਰ

ਅਮ੍ਰਿਤਪਾਂਲ ਕੌਰ

ਰਿਸ਼ੀ ਨਾਗਰ

ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ